ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SATJUG

1920 ਤੋਂ ਸਾਲ 101 ਵਾਂ

# ਸਤਜੁਗ

ਸਤਜੁਗਿ ਸਚੁ ਕਹੈ ਸਭੁ ਕੋਈ॥

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

Price: Rs.5/-

੧ ਤੋਂ ੧੫ ਫੱਗਣ ੨੦੭੭ ਬਿ.

12-To 26 Feb. 2021

ਜਿਲਦ 29

ਨੰਬਰ-1

Total Pages 44



ਸਿੱਖੀ ਬਾਗ ਖਿਜ਼ਾਂ ਜਦ ਗ੍ਰਸਿਆ, ਭਇਓ ਪਤ੍ਰ ਬਿਨ ਸਾਇਆ।
ਰੂਪ ਬਸੰਤ ਦਾ ਧਾਰ ਕੇ ਬਾਬਾ, ਦਿਨ ਬਸੰਤ ਦੇ ਆਇਆ।

## 17-18 ਜਨਵਰੀ 2021 ਮਲੇਰਕੋਟਲੇ ਦੇ ਸ਼ਹੀਦੀ ਜੋੜ ਮੇਲੇ ਦੀਆਂ ਝਲਕੀਆਂ



# ਸਤਿਜੁਗ

**੧ ਤੋਂ ੧੫ ਫੱਗਣ ੨੦੭੭ ਬਿ.**

**12 ਤੋਂ 26 ਫਰਵਰੀ 2021 ਈ:**

**ਜਿਲਦ 29, ਵੀਰਵਾਰ ਨੰਬਰ 1**

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015



**Advisory Board:**
*Harvendra Singh Hanspal*
*Gurbhej Singh Guraya*

**Editorial Board:**
*Suwarn Singh 'Virk'*
*Harpal Singh Sewak*
*Sukhwinder Singh 'Lyall'*
***Sant Nishan Singh***
***Jaswant Singh 'Mast'***
*Bhajan Singh*
*Gurlal Singh*



*Printed and Pblished by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ--: ਦੇਸ - 300 ਰੁ:, ਪ੍ਰਦੇਸ- 70$ USD ਡਾਲਰ
ਪੰਜ ਸਾਲ-- : ਦੇਸ - 1200 ਰੁ:, ਪ੍ਰਦੇਸ- 280$ USD ਡਾਲਰ

***Designed and Typeset:***
***Hakam Singh***
***Vishav Namdhari Sangat***
***Sri Bhaini Sahib***
***Satjug@sribhainisahib.com***



**ਪੱਤਰ ਵਿਹਾਰ ਦਾ ਪਤਾ :**
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099
99147-02201


# ਤਤਕਰਾ


* ਸੰਪਾਦਕੀ- ਪੰਜਾਬ ਦੀ ਧਰਤੀ
ਗੁਰਲਾਲ ਸਿੰਘ....................................4

* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ.........................6

* ਗੁਰੂ ਰਾਮ ਸਿੰਘ ਜੀ ਦਾ ਭੈਣੀ ਸਾਹਿਬ
ਕਾਕਾ ਕਾਲੇਲਕਰ....................................7

* ਮਹਾਨ ਸੁਤੰਤਰਤਾ ਸੰਗਰਾਮੀ ਸਤਿਗੁਰੂ ਰਾਮ ਸਿੰਘ ਜੀ
ਡਾ.ਦੇਵਿੰਦਰ ਸਿੰਘ ਉਸਾਹਨ........................10

* ਮਹਾਰਾਜ ਰਾਮ ਸਿੰਘ ਜੀ ਦੀ ਅਲੌਕਿਕ ਸ਼ਖ਼ਸੀਅਤ
ਡਾ.ਮਾਨ ਸਿੰਘ ਨਿਰੰਕਾਰੀ..........................14

* ਗੁਰੂ ਕਰਤਾ ਹਰਿ ਰਾਇ
ਨਿਸ਼ਾਨ ਸਿੰਘ ਕਥਾਵਾਚਕ..........................17

* ਨਾਮਧਾਰੀ ਓਲੰਪੀਅਨ ਅਤੇ ਅੰਤਰ-ਰਾਸ਼ਟਰੀ ਖਿਡਾਰੀ
ਜਸਵੰਤ ਸਿੰਘ ਮਸਤ..............................22

* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਕਵੀ ਪ੍ਰੀਤਮ ਸਿੰਘ ਜੀ......................30

* A Saga of Sri Satguru Jagjit Singh ji
Dr. Sharada Jayagovind .............................33

* ਸੁੱਚੇ ਮੋਤੀ................................................35

* ਬੱਚਿਆਂ ਦਾ ਪੰਨਾ..........................................37

* ਖ਼ਬਰਨਾਮਾ................................................38


ਨੋਟ: ਲੇਖਕਾਂ ਦੇ ਵਿਚਾਰ ਨਿੱਜੀ ਹਨ, ਉਹਨਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਪੰਜਾਬ ਦੀ ਧਰਤੀ

ਪੰਜਾਬ ਦੀ ਧਰਤੀ ਨੂੰ ਕੁਦਰਤ ਨੇ ਛੇ ਰੁੱਤਾਂ ਨਾਲ ਨਿਵਾਜ਼ਿਆ ਹੈ। ਇਸ ਧਰਤੀ ਦੇ ਵਸਨੀਕ ਹਰ ਦੋ ਮਹੀਨੇ ਬਾਅਦ ਨਵੀਂ ਰੁੱਤ ਮਾਣਦੇ ਹਨ। ਇਨ੍ਹਾਂ ਛੇ ਰੁੱਤਾਂ ਵਿਚੋਂ ਬਸੰਤ ਨੂੰ ਰਾਣੀ ਰੁੱਤ ਆਖਿਆ ਜਾਂਦਾ ਹੈ। ਮਾਘ ਮਹੀਨੇ ਦੀ ਸੰਗਰਾਂਦ ਨਾਲ ਇਸ ਰੁੱਤ ਦਾ ਆਗਮਨ ਹੋ ਗਿਆ, ਰਾਗੀ ਸਿੰਘਾਂ ਨੇ ਆਸਾ ਦੀ ਵਾਰ ਦੇ ਨਾਲ ਬਸੰਤ ਦੀ ਵਾਰ ਦਾ ਗਾਇਨ ਕਰਨਾ ਸ਼ੁਰੂ ਕਰ ਦਿੱਤਾ ਹੈ। ਗੁਰੂ ਅਰਜਨ ਦੇਵ ਜੀ ਬਸੰਤ ਦੀ ਵਾਰ ਵਿੱਚ ਮੌਸਮ ਦੇ ਬਦਲਾਅ ਕਾਰਨ ਪ੍ਰਕਿਰਤੀ ਵਿੱਚ ਆਏ ਪਰਿਵਰਤਨ ਨੂੰ ਕਿੰਨਾ ਖੂਬਸੂਰਤ ਬਿਆਂ ਕਰਦੇ ਹਨ-

ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ॥

ਠੰਢ ਨਾਲ ਜੁੜੇ ਹੋਏ ਸਰੀਰਾਂ ਨੂੰ ਸੂਰਜ ਦੇਵਤਾ ਨੇ ਆਪਣੀਆਂ ਕਿਰਨਾਂ ਨਾਲ ਨਿੱਘੀਆਂ-ਨਿੱਘੀਆਂ ਟਕੋਰਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ। ਪੱਤਝੜ ਤੋਂ ਬਾਅਦ ਰੁੱਖਾਂ ਨੇ ਨਵੇਂ ਪੱਤਿਆਂ ਦਾ ਸ਼ਿੰਗਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਪਾਰਕਾਂ, ਬਾਗ਼ਾਂ ਵਿੱਚ ਟਹਿਕੇ ਨਵੇਂ ਫੁੱਲਾਂ ਨੇ ਧਰਤੀ ਦੀ ਸ਼ੋਭਾ ਹੋਰ ਵਧਾ ਦਿੱਤੀ ਹੈ। ਇਸ ਸੁਹਾਵਣੀ ਰੁੱਤ ਦੀ ਵਡਿਆਈ ਹੋਰ ਵਧੀ ਜਦੋਂ ਅਕਾਲ ਪੁਰਖ ਨੇ ਆਪ ਸਰਗੁਣ ਸਰੂਪ ਧਾਰ ਅਵਤਾਰ ਲਿਆ। ਇਹ ਕੁਦਰਤ ਦਾ ਸੰਕੇਤ ਹੀ ਸੀ ਕਿ ਖਿਜ਼ਾਂ ਨੂੰ ਬਹਾਰ ਵਿੱਚ ਬਦਲਣ ਵਾਲਾ ਮਾਲਕ ਬਹਾਰ ਦੀ ਰੁੱਤੇ ਆ ਗਿਆ ਹੈ।

ਮਨੁੱਖੀ ਮਨਾਂ ਦੀ ਖਿਜ਼ਾਂ ਨੂੰ ਬਹਾਰ ਵਿੱਚ ਬਦਲਣ ਦੀ ਸਮਰੱਥਾ ਰੱਖਣ ਵਾਲੇ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਮਾਘ ਸੁਦੀ ਪੰਚਵੀਂ 1872 ਬਿ. ਮੁਤਾਬਕ 3 ਫਰਵਰੀ 1816 ਈ. ਨੂੰ ਮਾਲਵੇ ਖਿੱਤੇ ਦੇ ਪਿੰਡ ਰਾਈਆਂ ਵਿੱਚ ਹੋਇਆ। ਪਿਤਾ ਜੱਸਾ ਸਿੰਘ ਅਤੇ ਮਾਤਾ ਸਦਾ ਕੌਰ ਨੂੰ ਲੋਕਾਂ ਨੇ ਵਧਾਈਆਂ ਦਿੱਤੀਆਂ।

ਇਹ ਸਮਾਂ ਸਿੱਖ ਰਾਜ ਦੇ ਸੁਨਹਿਰੀ ਦੌਰ ਦਾ ਸੀ, ਉਹ ਰਾਜ ਜਿਸ ਦੀ ਫ਼ੌਜ ਵਿਚ ਨੌਕਰੀ ਕਰਨਾ ਯੂਰਪੀਅਨ ਲੋਕਾਂ ਲਈ ਵੀ ਫ਼ਖ਼ਰ ਦੀ ਗੱਲ ਸੀ। ਏਸ਼ੀਆ ਦਾ ਸਭ ਤੋਂ ਵੱਡਾ ਸਾਮਰਾਜ ਜਿਸ ਦੀ ਫ਼ੌਜ ਵਿਚ ਵੱਖ ਵੱਖ ਧਰਮਾਂ ਦੇ ਯੋਧੇ ਸ਼ਾਮਿਲ ਸਨ। ਇਹ ਫੌਜ ਦੁਨੀਆਂ ਦੀ ਹਰ ਵੱਡੀ ਤਾਕਤ ਦਾ ਮੁਕਾਬਲਾ ਕਰਨ ਦੇ ਯੋਗ ਸੀ। ਆਪਣੇ ਰਾਜੇ ਦੀ ਅਗਵਾਈ ਵਿਚ ਇਸ ਫੌਜ ਨੇ ਵੱਡੇ ਵੱਡੇ ਕਿਲ੍ਹੇ ਤੇ ਕਿਲ੍ਹੇਦਾਰ ਨਿਵਾ ਦਿੱਤੇ। ਹਰ ਪੰਜਾਬੀ ਗੱਭਰੂ ਦੀ ਤਮੰਨਾ ਇਸ ਫ਼ੌਜ ਦਾ ਹਿੱਸਾ ਬਣਨਾ ਸੀ। ਸਤਿਗੁਰੂ ਰਾਮ ਸਿੰਘ ਜੀ ਵੀ 21 ਸਾਲਾਂ ਦੀ ਉਮਰ ਵਿਚ ਇਸ ਫੌਜ ਦਾ ਹਿੱਸਾ ਬਣ ਗਏ, ਨੌਕਰੀ ਦੌਰਾਨ ਆਪਣੇ ਸਾਥੀਆਂ ਨੂੰ ਵੀ ਨਾਮ ਸਿਮਰਨ ਅਤੇ ਗੁਰਬਾਣੀ ਪੜ੍ਹਨ ਲਈ ਪ੍ਰੇਰਦੇ, ਜਿਸ ਕਾਰਨ ਸਾਰੀ ਪਲਟਨ ਨੂੰ ਭਗਤਾਂ ਦੀ ਪਲਟਨ ਆਖਿਆ ਜਾਂਦਾ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਰਾਜ ਦਰਬਾਰ ਸਾਜ਼ਿਸ਼ਾਂ ਦਾ ਅਖਾੜਾ ਬਣ ਗਿਆ। ਬਹੁਤ ਸਾਰੇ ਇਲਾਕਿਆਂ-

ਨੇ ਦਰਬਾਰ ਨਾਲ ਬਗ਼ਾਵਤ ਕਰ ਦਿੱਤੀ। ਫੌਜ ਦਾ ਵੱਡਾ ਭਾਗ ਵੱਖ ਵੱਖ ਰਿਆਸਤਾਂ ਕੋਲੋਂ ਟੈਕਸ ਉਗਰਾਹ ਰਿਹਾ ਸੀ। ਭਗਤਾਂ ਦੀ ਪਲਟਨ ਵੀ ਅਟਕ ਜ਼ਿਲ੍ਹੇ ਦੇ ਪਿੰਡ ਹਜ਼ਰੋਂ ਨੇੜੇ ਕੈਂਪ ਲਾ ਕੇ ਬੈਠੀ ਹੋਈ ਸੀ। ਪਲਟਨ ਦੇ ਕੁਝ ਜਵਾਨ ਪਿੰਡ ਵਿੱਚੋਂ ਆਏ ਤਾਂ ਨਾਲ ਦੇ ਜਵਾਨਾਂ ਨੂੰ ਦੱਸਣ ਲੱਗੇ ਇਸ ਪਿੰਡ ਵਿੱਚ ਬਾਲਕ ਸਿੰਘ ਨਾਮ ਦਾ ਗੁਰੂ ਹੈ, ਜੋ ਸੱਚਮੁੱਚ ਹੀ ਰੂਹਾਨੀਅਤ ਦਾ ਖ਼ਜ਼ਾਨਾ ਹੈ, ਜਿਸ ਦੇ ਦਰਸ਼ਨ ਕਰਨ ਨਾਲ ਇੱਕ ਵੱਖਰਾ ਆਨੰਦ ਪ੍ਰਾਪਤ ਹੁੰਦਾ ਹੈ। ਉਹ ਸ਼ਾਮ ਦੇ ਵਕਤ ਗੁਰਬਾਣੀ ਦੀ ਕਥਾ ਕਰਦੇ ਹਨ। ਸਾਰੀ ਪਲਟਨ ਸ਼ਾਮ ਦੇ ਸਮੇਂ ਕਥਾ ਸੁਣਨ ਅਤੇ ਦਰਸ਼ਨ ਦਾ ਆਨੰਦ ਮਾਨਣ ਗਈ। ਸਤਿਗੁਰੂ ਰਾਮ ਸਿੰਘ ਜੀ ਨੂੰ ਵੇਖ, ਸਤਿਗੁਰੂ ਬਾਲਕ ਸਿੰਘ ਅਤਿ ਪ੍ਰਸੰਨ ਹੋਏ ਅਤੇ ਬਚਨ ਕੀਤਾ ਠਾਕੁਰ ਆ ਗਏ ਹਨ ਤੇ ਗੁਰਬਾਣੀ ਦਾ ਸ਼ਬਦ ਪੜ੍ਹਿਆ –

"ਠਾਕੁਰ ਤੁਮ ਸਰਣਾਈ ਆਇਆ॥"

ਆਪਣੇ ਆਸਣ ਤੇ ਬਿਠਾਇਆ ਪੰਜ ਪੈਸੇ ਤੇ ਨਾਰੀਅਲ ਰੱਖ ਆਖਿਆ ਜੋ ਅਮਾਨਤ ਤੁਸੀਂ ਦਸਵੇਂ ਜਾਮੇ ਵਿੱਚ ਸੰਭਾਲ ਕੇ ਗਏ ਸੀ, ਉਹ ਮੋੜ ਹੁਣ ਮੈਂ ਸੁਰਖਰੂ ਹੋਇਆਂ। ਨਾਲ ਆਏ ਸਾਥੀਆਂ ਲਈ ਇਹ ਗੱਲਾਂ ਹੈਰਾਨੀ ਵਾਲੀਆਂ ਸਨ।

ਲਾਹੌਰ ਦਰਬਾਰ ਦੀ ਖਾਨਾਜੰਗੀ ਇੱਕ ਇੱਕ ਕਰ ਕੇ ਸਾਰੇ ਵਾਰਸਾਂ ਨੂੰ ਖ਼ਤਮ ਕਰਨ ਲੱਗੀ। ਮੁੱਖ ਸੈਨਾਪਤੀ ਅੰਗਰੇਜ਼ਾਂ ਕੋਲ ਆਪਣਾ ਈਮਾਨ ਵੇਚ ਬੈਠੇ। ਸਤਿਗੁਰੂ ਰਾਮ ਸਿੰਘ ਜੀ ਇਨ੍ਹਾਂ ਸਾਜ਼ਿਸ਼ਾਂ ਨੂੰ ਘੋਖਵੀਂ ਨਜ਼ਰ ਨਾਲ ਦੇਖ ਰਹੇ ਸੀ। ਆਪਣੇ ਸਾਥੀਆਂ ਨੂੰ ਕਿਹਾ ਇਹ ਲੋਕ ਅੰਗਰੇਜ਼ ਨਾਲ ਰਲ ਗਏ ਹਨ, ਇਨ੍ਹਾਂ ਲੜਾਈਆਂ ਦੌਰਾਨ ਪੰਜਾਬੀ ਫ਼ੌਜ ਮਰਵਾ ਦੇਣੀ ਹੈ। ਇਸ ਲਈ ਇਨ੍ਹਾਂ ਦਾ ਸਾਥ ਦੇਣਾ ਸਿਆਣਪ ਨਹੀਂ। ਇਹ ਕਹਿ ਆਪ ਆਪਣੇ ਪਿੰਡ ਵਾਪਸ ਆ ਗਏ।

ਸਰਕਾਰ ਦੀ ਲੂੰਬੜ ਚਾਲ ਨੇ ਸਿੱਖ ਰਾਜ ਦੇ ਮਹੱਲ ਦੀਆਂ ਨੀਹਾਂ ਪੋਲੀਆਂ ਕਰ ਦਿੱਤੀਆਂ। ਆਖਿਰ 29 ਮਾਰਚ 1849 ਈ. ਨੂੰ ਦਰਬਾਰ ਸੱਦ ਫ਼ੈਸਲਾ ਸੁਣਾ ਦਿੱਤਾ ਕਿ ਪੰਜਾਬ ਹੁਣ ਅੰਗਰੇਜ਼ੀ ਰਾਜ ਦਾ ਹਿੱਸਾ ਹੈ। ਵੱਡੇ ਵੱਡੇ ਸਰਦਾਰ ਜੋ ਅੰਗਰੇਜ਼ ਨੇ ਪਹਿਲਾਂ ਹੀ ਖਰੀਦ ਲਏ ਸਨ। ਵੱਡੀਆਂ ਵੱਡੀਆਂ ਜਗੀਰਾਂ ਲੈ ਕੇ ਆਰਾਮ ਪ੍ਰਸਤੀ ਦਾ ਜੀਵਨ ਚੁਣਨ ਵਾਲੇ ਸਰਦਾਰ ਨਹੀਂ ਜਾਣਦੇ ਸਨ ਕਿ ਗ਼ੁਲਾਮੀ ਦੀਆਂ ਬੇੜੀਆਂ ਕਦੇ ਕਿਸੇ ਨੂੰ ਸੁੱਖ ਨਹੀਂ ਦੇਂਦੀਆਂ।

ਸਤਿਗੁਰੂ ਰਾਮ ਸਿੰਘ ਜੀ ਨੇ ਡੂੰਘੇ ਅਧਿਐਨ ਤੋਂ ਬਾਅਦ 12 ਅਪ੍ਰੈਲ 1857 ਈ. ਵਾਲੇ ਦਿਨ ਸ੍ਰੀ ਭੈਣੀ ਸਾਹਿਬ ਦੀ ਧਰਤੀ ਤੋਂ ਅੰਗਰੇਜ਼ ਖ਼ਿਲਾਫ਼ ਅੰਦੋਲਨ ਆਰੰਭ ਕਰ ਦਿੱਤਾ। ਇਸ ਅੰਦੋਲਨ ਦਾ ਮੁੱਖ ਹਥਿਆਰ ਨਾ ਮਿਲਵਰਤਨ ਸੀ। ਇਹ ਜਨ ਵਿਦਰੋਹ ਪੰਜਾਬ ਵਿਚ ਅੱਗ ਵਾਂਗ ਫੈਲਿਆ। ਲੱਖਾਂ ਨੌਜਵਾਨ ਭੈਣੀ ਸਾਹਿਬ ਆਉਣ ਲੱਗੇ। ਸਾਰੇ ਪੰਜਾਬ ਨੂੰ 22 ਹਿੱਸਿਆਂ ਵਿੱਚ ਵੰਡ ਵੱਖ ਵੱਖ ਇਲਾਕਿਆਂ ਦੇ ਵਿੱਚ ਸੂਬੇ ਸਥਾਪਤ ਕੀਤੇ ਗਏ। ਜੋ ਉਸ ਇਲਾਕੇ ਦੇ ਲੋਕਾਂ ਦੀ ਸਰਪ੍ਰਸਤੀ ਕਰਦੇ। ਅੰਗਰੇਜ਼ੀ ਅਦਾਲਤਾਂ, ਸਕੂਲਾਂ, ਆਵਾਜਾਈ ਦੇ ਸਾਧਨਾਂ ਅਤੇ ਪੱਛਮੀ ਰਹਿਣ ਸਹਿਣ ਦਾ ਮੁਕੰਮਲ ਬਾਈਕਾਟ, ਦੁਨੀਆਂ ਵਿੱਚ ਇਹ ਪਹਿਲੀ ਵਾਰੀ ਸੀ ਕਿ ਬਾਈਕਾਟ ਨੂੰ ਕਿਸੇ ਨੇ ਸਿਆਸੀ ਹਥਿਆਰ ਵਜੋਂ ਵਰਤਿਆ ਸੀ। ਥੋੜ੍ਹੇ ਹੀ ਸਮੇਂ ਵਿੱਚ ਅੰਗਰੇਜ਼ੀ ਸਰਕਾਰ ਲਈ ਇਹ ਅੰਦੋਲਨ ਵੱਡੀ ਰੁਕਾਵਟ ਬਣ ਗਿਆ। ਉਸ ਨੇ ਇਸ ਨੂੰ ਦਬਾਉਣ ਲਈ ਹਰ ਹੱਥਕੰਡਾ ਵਰਤਿਆ। ਫਾਂਸੀਆਂ, ਤੋਪਾਂ, ਕਾਲੇ ਪਾਣੀ ਦੀਆਂ ਸਜ਼ਾਵਾਂ ਸਹਿੰਦੇ ਕੂਕਿਆਂ ਨੇ ਅੰਦੋਲਨ ਨੂੰ ਜਾਰੀ ਰੱਖਿਆ। ਇਸ ਅੰਦੋਲਨ ਦੇ ਨਾਇਕ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕੀਤਾ ਗਿਆ। ਨਾਮਧਾਰੀ ਸਿੱਖਾਂ ਨੇ ਆਪਣੇ ਮਹਿਬੂਬ ਸਤਿਗੁਰੂ ਦੇ ਹੁਕਮਾਂ ਤੇ ਫੁੱਲ ਚੜ੍ਹਾਏ, ਆਜ਼ਾਦੀ ਮਿਲਣ ਤੱਕ ਨਾ ਮਿਲਵਰਤਣ ਦੀ ਨੀਤੀ ਨੂੰ ਨਹੀਂ ਛੱਡਿਆ।

ਮਹਾਤਮਾ ਗਾਂਧੀ ਜੀ ਨੇ ਵੀ ਨਾ ਮਿਲਵਰਤਨ ਨੂੰ ਹੀ ਆਜ਼ਾਦੀ ਦਾ ਇੱਕੋ ਇੱਕ ਰਸਤਾ ਦੱਸਿਆ। ਅੱਜ ਵੀ ਜਦੋਂ ਕੋਈ ਜਨ ਅੰਦੋਲਨ ਕਿਸੇ ਸਰਕਾਰ ਦੇ ਖ਼ਿਲਾਫ਼ ਉੱਠਦਾ ਹੈ ਤਾਂ ਅੰਦੋਲਨ ਦੇ ਆਗੂ ਲੋਕਾਂ ਨੂੰ ਰਾਜ ਕਰ ਰਹੀ ਸਰਕਾਰੀ ਪਾਰਟੀ ਦਾ ਮੁਕੰਮਲ ਬਾਈਕਾਟ ਕਰਨ ਲਈ ਕਹਿੰਦੇ ਹਨ। ਪਿਛਲੇ ਸਮੇਂ ਵਿੱਚ ਅਸੀਂ ਵੱਖ ਵੱਖ ਪਾਰਟੀਆਂ ਦੇ ਬਾਈਕਾਟ ਦੇ ਫਲੈਕਸ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਲੱਗੇ ਹੋਏ ਦੇਖੇ ਹਨ। ਅੱਜ ਦੁਨੀਆਂ ਭਰ ਵਿੱਚ ਇਹ ਸਫ਼ਲ ਸਿਆਸੀ ਹਥਿਆਰ ਹੈ।

**–ਗੁਰਲਾਲ ਸਿੰਘ**

**ਸ੍ਰੀ ਭੈਣੀ ਸਾਹਿਬ**

# ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ

17 ਜਨਵਰੀ 2021 ਸਥਾਨ- ਮਲੇਰਕੋਟਲਾ

ਆਦਰਨੀਯ ਪੰਜਾਬ ਸਰਕਾਰ ਦੇ ਮੰਤਰੀ ਸ੍ਰੀ ਸਿੰਗਲਾ ਜੀ, ਮਹੰਤ ਹਰਪਾਲ ਦਾਸ ਜੀ ਤੇ ਸਤਿਕਾਰ ਯੋਗ ਸਾਧ ਸੰਗਤ ਜੀ ਇਕ ਵਾਰੀ ਬੜੇ ਪਿਆਰ ਨਾਲ ਉਸ ਮਹਾਨ ਸਤਿਗੁਰੂ ਨੂੰ ਯਾਦ ਕਰਦੇ ਹੋਏ ਆਖੀਏ 'ਧੰਨ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ'। ਜਿਨ੍ਹਾਂ ਨੇ ਇਸ ਆਜ਼ਾਦੀ ਦਾ ਮੁੱਢ ਬੰਨਿਆ, ਜਿਸ ਆਜ਼ਾਦੀ ਨੂੰ ਅੱਜ ਅਸੀਂ ਮਾਣ ਰਹੇ ਹਾਂ। ਤੁਸੀਂ ਬਹੁਤ ਜਿਆਦਾ ਇਤਿਹਾਸ ਸੁਣਿਆ ਤਿੰਨ-ਚਾਰ ਘੰਟੇ ਤੋਂ ਬੈਠੇ ਹੋਏ ਹੋ, ਬੜੀ ਛੋਟੀ ਜਿਹੀ ਗੱਲ ਕਰਨਾ ਚਾਹੁੰਦਾ ਹਾਂ ਅੱਜ ਦੇ ਮਸਲੇ ਨੂੰ ਦੇਖਦੇ ਹੋਏ।

ਪੰਜਾਬ ਪੂਜਨੀਕ ਧਰਤੀ ਹੈ, ਇਹ ਸਾਡੇ ਸਤਿਗੁਰੂ ਸਾਹਿਬਾਨ ਦੀ ਕਰਮ ਭੂਮੀ ਬਣੀ। ਮੈਂ ਸਾਰੇ ਸ਼ਹੀਦਾਂ ਦਾ ਸਤਿਕਾਰ ਕਰਦਾ ਹਾਂ ਸਾਰੇ ਸ਼ਹੀਦ ਸਾਡੇ ਨੇ ਕਿਉਂਕਿ ਇਹ ਦੇਸ਼ ਸਾਡਾ ਹੈ ਬੇਸ਼ੱਕ ਉਹ ਬੰਗਾਲ ਦੇ ਨੇ, ਮਹਾਂਰਾਸ਼ਟਰ ਦੇ ਨੇ ਸ਼ਹੀਦ ਸਾਰੇ ਸਾਡੇ ਹਨ। ਪਰ ਪੰਜਾਬ ਨੂੰ ਹੀ ਇਹ ਮਾਣ ਮਿਲਿਆ- ਸ਼ਾਇਦ ਕਿਸੇ ਵੀ ਪ੍ਰਾਂਤ ਵਿੱਚੋਂ ਇੰਨੇ ਸ਼ਹੀਦ ਨਹੀਂ ਹੋਏ, ਜਿੰਨੇ ਪੰਜਾਬ ਵਿੱਚੋਂ ਹੋਏ ਹਨ। ਸ਼ਹੀਦ ਵੀ ਅਸੀਂ ਸਿਰਫ਼ ਅੰਗਰੇਜ਼ ਸਰਕਾਰ ਦੀ ਲੜਾਈ ਵੇਲੇ ਦੇ ਨਾ ਲਈਏ, ਪਿੱਛੇ ਤੋਂ ਲੈ ਲਈਏ ਕਿਸ ਟਾਇਮ ਤੋਂ ਸ਼ਹੀਦ ਹੋਣ ਲੱਗੇ ਹਨ। ਜੇ ਅਸੀਂ ਲੜਾਈ ਦੇਖ ਲਈਏ ਉਹ ਮੁਗਲੀਆ ਸਰਕਾਰ ਨਾਲ ਲੜਾਈ ਤਾਂ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਜੀ ਦੇ ਸਮੇਂ ਤੋਂ ਚੱਲਦੀ ਰਹੀ। ਫਿਰ ਸਭ ਤੋਂ ਪਹਿਲੀ ਸ਼ਹਾਦਤ ਸਤਿਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਜੀ ਦੀ ਹੋਈ ਫਿਰ ਹਿੰਦੂ-ਧਰਮ ਦੀ ਰੱਖਿਆ ਵਾਸਤੇ, ਬੜੇ ਹਿੰਦੂ ਸਿੱਖਾਂ ਨੂੰ ਪਾੜਨ ਦੀ ਕੋਸ਼ਿਸ਼ ਕਰਦੇ ਨੇ ਇਸ ਗੱਲ ਦਾ ਦੁੱਖ ਹੁੰਦਾ ਹੈ। ਪਰ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਜੀ ਨੇ ਸ਼ਹੀਦੀ ਹਿੰਦੂ ਧਰਮ ਦੀ ਰੱਖਿਆ ਵਾਸਤੇ ਦਿੱਤੀ। ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਬੜੇ ਜੋਸ਼ ਨਾਲ ਇਹ ਹੁਕਮ ਕਰਦੇ ਨੇ ਸ਼ਾਇਦ ਉਹ ਅੱਜ ਤੋਂ 70 ਸਾਲ ਪਹਿਲੇ ਦਾ ਉਪਦੇਸ਼ ਹੋਵੇਗਾ ਕਿ ਹਿੰਦੂ ਸਿੱਖਾਂ ਨੂੰ ਦੋ ਥਾਂ ਨਹੀਂ ਹੋਣਾ ਚਾਹੀਦਾ। ਅੱਜ ਵੀ ਦੇਸ਼ ਨੂੰ ਧਰਮ ਦੇ ਨਾਮ ਤੇ ਪਾੜਨ ਦੀ ਬੜੇ ਕੋਸ਼ਿਸ਼ ਕਰਦੇ ਹਨ। ਅਸੀਂ ਸਾਰੇ ਬੇਸ਼ੱਕ ਸਿੱਖ, ਹਿੰਦੂ ਮੁਸਲਮਾਨ, ਈਸਾਈ, ਪਾਰਸੀ ਹਾਂ ਪਰ ਅਸੀਂ ਹਿੰਦੁਸਤਾਨੀ ਹਾਂ। ਇਸ ਗੱਲ ਵਿੱਚ ਅਸੀਂ ਕਿਤੇ ਵੀ ਦੋ ਥਾਂ ਨਹੀਂ ਹੋ ਸਕਦੇ ਕਿ ਅਸੀਂ ਸਾਰੇ ਹਿੰਦੁਸਤਾਨੀ ਹਾਂ। ਇਹ ਸਾਡੀ ਮਾਂ ਭੂਮੀ ਹੈ। ਸਾਡਾ ਇਸ ਦੇਸ਼ ਵਾਸਤੇ ਫਰਜ਼ ਹੈ।

ਅਸੀਂ ਉਸ ਚੀਜ਼ ਨੂੰ ਬੜੀ ਹਲਕੀ ਤੌਰ ਤੇ ਲੈ ਜਾਂਦੇ ਹਾਂ ਅੱਜ ਵੀ ਪੰਜਾਬ ਤੇ ਪੰਜਾਬ ਦੇ ਨਾਲ-ਨਾਲ ਭਾਰਤ ਸ਼ਾਇਦ ਦੱਖਣ ਵਿੱਚ ਉਸ ਚੀਜ਼ ਦਾ ਏਨਾ ਪਤਾ ਨਹੀਂ ਅਸੀਂ ਬੜੇ ਨਾਜ਼ੁਕ ਦੌਰ ਵਿਚੋਂ ਲੰਘ ਰਹੇ ਹਾਂ। ਸਾਡੇ ਕਿਸਾਨ ਵੀਰ 2 ਲੱਖ ਹੋਣ, 3 ਲੱਖ ਹੋਣ ਜਾਂ 4 ਲੱਖ ਹੋਣ ਅੱਜ ਓਥੇ ਬੈਠੇ ਹੋਏ ਨੇ ਆਪਣੀਆਂ ਮੰਗਾਂ ਵਾਸਤੇ ਇਸ ਸਰਦੀ ਵਿੱਚ ਬੈਠੇ ਹੋਏ ਹਨ ਕੋਈ ਉਹਨਾਂ ਨੂੰ ਕਹਿ ਦਿੰਦਾ ਕਿ ਉਹ ਪਿਕਨਿੱਕ ਮਨਾ ਰਹੇ ਨੇ ਕੋਈ ਪਿਕਨਿੱਕ ਮਨਾਉਣ ਨੂੰ ਆਪਣੇ ਘਰੋਂ ਬਾਹਰ ਟਰਾਲੀਆਂ ਵਿੱਚ ਨਹੀਂ ਆਉਂਦਾ। ਉਹ ਆਪਣੀਆਂ ਮੰਗਾਂ ਵਾਸਤੇ ਉਥੇ ਬੈਠੇ ਹੋਏ ਹਨ। ਇਕ ਬੜੀ ਨਾਜ਼ੁਕ ਜਿਹੀ ਸਥਿਤੀ ਬਣੀ ਹੋਈ ਹੈ। ਮੈਂ ਅਰਜ਼ ਕਰਾਂ ਕਈ ਵਾਰੀ ਇਹੋ ਜਿਹੀਆਂ ਸਥਿਤੀਆਂ ਜਿਥੇ ਹੰਕਾਰ ਕਰਕੇ ਲੜਾਈਆਂ ਹੋ ਜਾਂਦੀਆ ਹਨ ਮੁੜਕੇ ਉਹ ਪਛਤਾਵੇ ਦਾ ਥਾਂ ਰਹਿ ਜਾਂਦੀਆ ਹਨ। ਇਸ ਕਰਕੇ ਇਸ ਹਾਲਾਤ ਦੇ ਵਿੱਚ ਮੈਂ ਸਾਰੀ ਸੰਗਤ ਦੇ ਕੋਲ ਇਕ ਬੇਨਤੀ ਕਰਨੀ ਚਾਹੁਣਾ ਕਿ ਆਪਾਂ ਕੋਲ ਸਾਰਿਆਂ ਤੋਂ ਉੱਪਰ ਉਹ ਸਤਿਗੁਰੂ ਸੱਚੇ ਪਾਤਸ਼ਾਹ ਦਾ ਦਿੱਤਾ ਹੋਇਆ ਨਾਮ ਹੈ। ਆਪਣੇ ਕੋਲ ਸਾਰਿਆਂ ਤੋਂ ਵੱਡਾ ਹਥਿਆਰ ਕੀ ਹੈ ਉਹ ਹਥਿਆਰ ਆਪਣੀ ਅਰਦਾਸ ਹੈ। ਸਾਡੀ ਆਪਣੀ ਤਾਕਤ ਨਹੀਂ ਜਦੋਂ ਆਪਾਂ ਅਰਦਾਸ ਕਰਦੇ ਹਾਂ ਤਾਂ ਉਦੋਂ ਤਾਕਤ ਸਾਡੇ ਗੁਰੂ ਦੀ ਹੋ ਜਾਂਦੀ ਹੈ। ਸੋ ਮੈਂ ਇਹ ਬੇਨਤੀ ਕਰਦਾ ਹਾਂ ਕਿ ਸਾਰੀ ਸਾਧ ਸੰਗਤ ਇਕ ਘੰਟਾ ਨਾਮ ਸਿਮਰਨ, ਇਕ ਮਾਲਾ ਭਗੌਤੀਆਂ ਦੀ ਫੇਰ ਕੇ ਜਿਹਨੇ ਦਿਨ ਇਹ ਮਸਲਾ ਕਿਸਾਨਾਂ ਵਾਲਾ ਹੱਲ ਨਹੀਂ ਹੁੰਦਾ ਉਹਨਾਂ ਚਿਰ ਰੋਜ਼ ਕਰਕੇ ਇਹ ਅਰਦਾਸ ਕਰੋ ਕਿ ਸੱਚੇ ਪਾਤਸ਼ਾਹ ਬਹੁਤ ਚੰਗੀ ਤਰ੍ਹਾਂ ਹੱਲ ਹੋਵੇ ਤੇ ਸਾਡੇ ਦੇਸ਼ ਦਾ ਕਿਸਾਨ ਹੋਰ ਵੀ ਖੁਸ਼ਹਾਲ ਹੋਵੇ। ਤੇ ਜਿਹੜੀਆਂ ਉਹਨਾਂ ਦੀਆਂ ਮੁਸ਼ਕਿਲਾਂ ਨੇ ਉਹ ਹੱਲ ਹੋਣ ਤੇ ਬੜੇ ਚੰਗੇ ਮਾਹੌਲ ਵਿੱਚ ਉਹ ਵਾਪਿਸ ਆਪਣੇ ਘਰਾਂ ਵਿੱਚ ਆਉਣ। ਏਨੀ ਅਰਜ਼ ਕਰਕੇ ਮੈਂ ਮੰਤਰੀ ਸਾਬ ਦਾ ਸਿੰਗਲਾ ਸਾਬ ਦਾ ਬਹੁਤ ਬਹੁਤ ਧੰਨਵਾਦੀ ਹਾਂ। ਸਾਰੀ ਸੰਗਤ ਦਾ ਬਹੁਤ ਧੰਨਵਾਦੀ ਹਾਂ ਜਿਹੜੇ ਤੁਸੀਂ ਇਸ ਤਰ੍ਹਾਂ ਦੇ ਮੌਸਮ ਵਿੱਚ ਏਨੀ ਦੂਰੋਂ ਆਏ ਹੋ। ਸਤਿਗੁਰੂ ਸੱਚੇ ਪਾਤਸ਼ਾਹ ਜੀ ਕਿਰਪਾ ਕਰਨ ਇਹ ਸਾਡਾ ਦੇਸ਼ ਇਹ ਪੰਜਾਬ ਜਿਹਨੇ ਸਦਾ ਹੀ ਇਸ ਦੇਸ਼ ਦੀ ਰੱਖਿਆ ਕੀਤੀ ਹੈ ਤੇ ਸਦਾ ਹੀ ਚੜਦੀਆਂ ਕਲਾ ਵੱਲ ਜਾਵੇ। ਏਨੀ ਅਰਜ਼ ਕਰਕੇ ਆਗਿਆ ਲੈਣਾ।

ਸਤਿ ਸ੍ਰੀ ਅਕਾਲ॥

# ਗੁਰੂ ਰਾਮ ਸਿੰਘ ਜੀ ਦਾ ਭੈਣੀ ਸਾਹਿਬ

-ਕਾਕਾ ਕਾਲੇਲਕਰ

ਮੇਰੇ ਧਾਰਮਿਕ ਅਤੇ ਰਾਜਨੀਤਕ ਵਿਚਾਰਾਂ ਦਾ ਜਿਸ ਤਰ੍ਹਾਂ ਨਾਲ ਵਿਕਾਸ ਹੋਇਆ ਹੈ ਉਸ ਨੂੰ ਸੋਚਦਿਆਂ ਨਾਮਧਾਰੀ ਸਿੱਖ ਸਮੁਦਾਇ ਵੱਲ ਮੇਰਾ ਖਿੱਚਿਆ ਜਾਣਾ ਬਿਲਕੁਲ ਸੁਭਾਵਿਕ ਜਿਹਾ ਲੱਗਦਾ ਹੈ। ਸਿੱਖ ਸੰਪਰਦਾਇ ਵਿੱਚ ਗੁਰੂਆਂ ਰਾਹੀਂ ਭਗਵਾਨ ਨੂੰ ਪਹਿਚਾਨਣ ਦੀ ਸਾਧਨਾ ਪ੍ਰਮੁੱਖ ਹੈ ਇਹ ਤਾਂ ਮੈਨੂੰ ਪਹਿਲਾਂ ਹੀ ਪਤਾ ਸੀ। ਹਿੰਦੂ ਧਰਮ ਵਿੱਚ ਵਰਣ ਵਿਵਸਥਾ ਦੇ ਕਾਰਨ ਅਤੇ ਬਹੁਤ ਸਾਰੀਆਂ ਜਾਤਾਂ ਦੇ ਕਾਰਨ ਜਿਹੜਾ ਊਚ ਨੀਚ ਦਾ ਭਾਵ ਹੈ ਉਹ ਹਿੰਦੂ ਧਰਮ ਦੀ ਸਭ ਤੋਂ ਵੱਡੀ ਖਾਮੀ ਹੈ। ਵੇਦਾਂਤੀਆਂ ਨੂੰ ਇਹ ਗੱਲ ਖੁੱਬਣ ਲੱਗੀ ਪਰ ਉਨ੍ਹਾਂ ਨੇ ਉਸ ਨਾਲ ਕਿਸੇ ਤਰ੍ਹਾਂ ਸਮਝੌਤਾ ਕਰ ਲਿਆ। ਕੋਈ ਵੱਡਾ ਕੋਈ ਛੋਟਾ ਹੈ ਜਾਂ ਸਮਾਜਿਕ ਭੇਦ ਭਾਵ ਅਧਾਰਮਿਕ ਹੈ। ਇਹ ਵੇਖ ਕੇ ਉਸ ਦੇ ਵਿਰੁੱਧ ਸਭ ਤੋਂ ਪਹਿਲਾਂ ਕਮਰ ਕਸੀ ਬੁੱਧ ਭਗਵਾਨ ਨੇ। ਮਹਾਂਵੀਰ ਸਵਾਮੀ ਨੇ ਵੀ ਸਭ ਵਰਗਾਂ ਅਤੇ ਜਾਤੀਆਂ ਦੇ ਲੋਕਾਂ ਨੂੰ ਬਿਨਾਂ ਕਿਸੇ ਭੇਦਭਾਵ ਤੋਂ ਅਪਨਾਇਆ।

ਮੈਂ ਮੰਨਦਾ ਹਾਂ ਕਿ ਵਰਣਾਂ ਅਤੇ ਜਾਤਾਂ ਵਿੱਚ ਜਿਹੜਾ ਊਚ ਨੀਚ ਦਾ ਭਾਵ ਚੱਲਦਾ ਆਇਆ ਹੈ ਉਸ ਦੀ ਕਮਰ ਭਾਰਤੀ ਸੰਤਾਂ ਨੇ ਤੋੜੀ।

ਇਨ੍ਹਾਂ ਸੰਤਾਂ ਨੇ ਜਿਹੜਾ ਵੀ ਧਰਮ, ਗਿਆਨ, ਸੰਸਕ੍ਰਿਤ ਸਾਹਿਤ ਤੋਂ ਮਿਲਦਾ ਸੀ, ਉਹ ਸਭ ਲੈ ਲਿਆ ਅਤੇ ਉਸੇ ਗਿਆਨ ਨੂੰ ਆਪਣੀ ਸਾਧਨਾ ਅਤੇ ਆਪਣੇ ਅਨੁਭਵ ਨਾਲ ਸੰਜੀਵਨ ਕਰਕੇ ਉਹ ਗਿਆਨ, ਰਾਸ਼ੀ ਅਤੇ ਧਰਮ ਭਾਵਨਾ, ਭਗਤੀ ਨਾਲ ਸੁਗੰਧਤ ਕਰਕੇ ਸਾਰੀ ਜਨਤਾ ਤੱਕ ਪਹੁੰਚਾ ਦਿੱਤੀ-ਲੋਕ ਭਾਸ਼ਾ ਰਾਹੀਂ। ਭਾਰਤੀ ਸੰਸਕ੍ਰਿਤੀ ਜੇਕਰ ਜਨਤਾ ਦੀ ਰਗ ਰਗ ਵਿੱਚ ਪਹੁੰਚ ਗਈ ਤਾਂ ਉਹ ਸਾਰੀ ਕ੍ਰਿਪਾ ਭਾਰਤ ਦੇ ਸੰਤਾਂ ਦੀ ਹੀ ਹੈ। ਜਨਤਾ ਦੀ ਆਪਣੀ ਭਾਸ਼ਾ ਵਿੱਚ ਗਿਆਨ, ਭਗਤੀ ਅਤੇ ਸਦਾਚਾਰ ਦਾ ਵਾਧਾ ਜੋ ਹੋਇਆ ਉਹ ਸੰਤਾਂ ਦੀ ਕਿਰਪਾ ਨਾਲ ਹੀ ਹੈ।

ਉਨ੍ਹਾਂ ਭਾਰਤੀ ਸੰਤਾਂ ਦੇ ਕੰਮਾਂ ਨੂੰ ਸੰਗਠਿਤ ਕਰਕੇ ਸਮਾਜ ਦੀ ਨਵ ਰਚਨਾ ਅਗਰ ਕਿਸੇ ਨੇ ਜ਼ੋਰਾਂ ਨਾਲ ਕੀਤੀ ਹੈ ਤਾਂ ਗੁਰੂ ਨਾਨਕ ਦੇਵ ਜੀ ਨੇ ਅਤੇ ਉਨ੍ਹਾਂ ਦੀ ਸਿੱਖ ਪਰੰਪਰਾ ਨੇ।

ਉਸ ਸਿੱਖ ਪਰੰਪਰਾ ਦਾ ਇਤਿਹਾਸ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਰੇ ਜਾਣਦੇ ਹੀ ਹਨ। ਮਹਾਰਾਜਾ ਰਣਜੀਤ ਸਿੰਘ ਪਿੱਛੋਂ ਸਿੱਖ ਗੁਰੂਆਂ ਦੇ ਕੰਮਾਂ ਵਿੱਚ ਨਵੇਂ ਸਿਰੇ ਨਵ ਜੀਵਨ ਜਗਾਉਣ ਦਾ ਕੰਮ ਕੀਤਾ, ਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਨਾਮਧਾਰੀਆਂ ਨੇ।

ਗੁਰੂ ਹਰਗੋਬਿੰਦ ਅਤੇ ਸ਼ਿਵਾ ਜੀ ਦੇ ਸਮੇਂ ਤੋਂ ਸਿੱਖਾਂ ਨੂੰ ਇਸਲਾਮੀ ਰਾਜ ਸੱਤਾ ਦੇ ਸਾਹਮਣੇ ਲੜਨਾ ਪਿਆ ਹੈ। ਇਸਲਾਮ ਦੀ ਧਰਮ ਭਾਵਨਾ ਨਾਲ ਦੋਸਤੀ ਅਤੇ ਰਾਜ ਸੱਤਾ ਦਾ ਵਿਰੋਧ, ਅਜਿਹਾ ਦੋਹਰਾ ਕੰਮ ਇਨ੍ਹਾਂ ਸਿੱਖ ਗੁਰੂਆਂ ਨੂੰ ਕਰਨਾ ਪਿਆ। ਇਸੇ ਲਈ ਧਰਮ ਨੂੰ ਮੰਨਣ ਵਾਲੇ ਸਿੱਖਾਂ ਨੂੰ ਰਾਜਨੀਤਕ ਸ਼ਕਤੀ ਵੀ ਸੰਗਠਿਤ ਕਰਨੀ ਪਈ।

ਜਦੋਂ ਗੁਰੂ ਰਾਮ ਸਿੰਘ ਜੀ ਦਾ ਜ਼ਮਾਨਾ ਆਇਆ ਤਾਂ ਉਨ੍ਹਾਂ ਦੀ ਮੁੱਠਭੇੜ ਅੰਗਰੇਜ਼ੀ ਰਾਜ ਨਾਲ ਹੋਈ। ਰਣਜੀਤ ਸਿੰਘ ਪਿੱਛੋਂ ਸਾਰੇ ਸਿੱਖ ਸਮਾਜ ਨੇ ਅੰਗਰੇਜ਼ੀ ਰਾਜ ਦਾ ਵਿਰੋਧ ਕਰਨਾ ਤਕਰੀਬਨ ਛੱਡ ਹੀ ਦਿੱਤਾ ਸੀ। ਅਜਿਹੇ ਸਮੇਂ ਤੇ ਧਾਰਮਿਕ ਅਤੇ ਰਾਜਨੀਤਕ ਸੁਤੰਤਰਤਾ ਦੀ ਉਪਾਸਨਾ ਗੁਰੂ ਰਾਮ ਸਿੰਘ ਅਤੇ ਨਾਮਧਾਰੀਆਂ ਨੇ ਆਪਣੀ ਪੂਰੀ ਸ਼ਕਤੀ ਲਾ ਕੇ ਕੀਤੀ। ਜ਼ਮਾਨਾ ਉਨ੍ਹਾਂ ਦੇ ਬਿਲਕੁਲ ਉਲਟ ਸੀ। ਸੰਨ 1857 ਦਾ ਹਿੰਦੂ-ਮੁਸਲਮਾਨਾਂ ਦਾ ਸਾਂਝਾ ਯਤਨ ਅਸਫ਼ਲ ਹੋ ਚੁੱਕਿਆ ਸੀ। ਲੋਕ ਆਤਮ ਵਿਸ਼ਵਾਸ ਗਵਾ ਚੁੱਕੇ ਸਨ। ਸੰਨ 1857 ਦੀ ਹਿੰਦੂ-ਮੁਸਲਮਾਨ ਏਕਤਾ ਕੱਚੀ ਸੀ ਤਾਂ ਵੀ ਉਹ ਅੰਗਰੇਜ਼ਾਂ ਨੂੰ ਰੜਕਣ ਲੱਗ ਪਈ ਸੀ। ਇਸ ਲਈ ਉਨ੍ਹਾਂ ਨੇ ਹਿੰਦੂ-ਮੁਸਲਮਾਨਾਂ ਵਿਚਕਾਰ ਜਿਹੜੇ ਮੱਤਭੇਦ ਹਨ, ਉਨ੍ਹਾਂ ਨੂੰ ਆਪਣਾ ਪੂਰਾ ਜ਼ੋਰ ਲਾ ਕੇ ਵਧਾਇਆ। ਉਹ ਜ਼ਮਾਨਾ ਸੀ ਜਦੋਂ ਅੰਗਰੇਜ਼ ਆਪਣੀ ਹਕੂਮਤ ਦੇ ਜ਼ੋਰ 'ਤੇ ਭਾਰਤ ਦੇ ਹੁਨਰ ਉਦਯੋਗ ਨੂੰ ਤੋੜਨਾ ਚਾਹੁੰਦੇ ਸਨ। ਈਸਾਈ ਮਿਸ਼ਨਰੀਆਂ ਦੀ ਸਹਾਇਤਾ ਨਾਲ ਹਿੰਦੂਆਂ ਦਾ ਸਮਾਜਿਕ ਸੰਗਠਨ ਤੋੜਨ ਦੀ ਮੁਹਿੰਮ ਵੀ ਅੰਗਰੇਜ਼ ਨੇ ਪੂਰੇ ਜ਼ੋਰਾਂ ਨਾਲ ਚਲਾਈ ਸੀ। ਅੰਗਰੇਜ਼ ਸੌ ਡੇਢ ਸੌ ਸਾਲ ਇਸ ਦੇਸ਼ ਵਿੱਚ ਰਹਿ ਕੇ ਇੱਥੋਂ ਦੀ ਨਬਜ਼ ਪਹਿਚਾਣਦੇ ਸਨ- ਗਊ ਰੱਖਿਆ, ਗਊ ਹੱਤਿਆ ਦੇ ਨਾਂ ਤੇ ਜਦੋਂ ਜੀਅ ਚਾਹੇ ਹਿੰਦੂ-ਮੁਸਲਮਾਨ ਨੂੰ ਲੜਾ ਸਕਦੇ ਸਨ।

ਏਨਾ ਕੁਟਿਲ ਗਿਆਨ ਉਨ੍ਹਾਂ ਕੋਲ ਹੈ ਹੀ ਸੀ।

ਅਜਿਹੇ ਵੇਲੇ ਪੰਜਾਬ ਦੀ ਆਮ ਜਨਤਾ ਵਿੱਚ ਸ਼ੁੱਧ ਧਾਰਮਿਕਤਾ ਅਤੇ ਸਦਾਚਾਰ ਜਾਗ੍ਰਿਤ ਕਰਨ ਦੀ ਕੋਸ਼ਿਸ਼ ਇਨ੍ਹਾਂ ਨਾਮਧਾਰੀਆਂ ਨੇ ਕੀਤੀ। ਅੰਗਰੇਜ਼ ਸਰਕਾਰ ਦੀ ਨੌਕਰੀ ਨਹੀਂ ਕਰਨੀ। ਨੌਕਰੀ ਦੇ ਲਾਲਚ ਵਿਚ ਲੋਕ ਜਿਸ ਅੰਗਰੇਜ਼ੀ ਵਿੱਦਿਆ ਦੇ ਪਿੱਛੇ ਪਏ ਹੋਏ ਸਨ, ਉਸ ਵਿੱਦਿਆ ਦਾ ਵੀ ਬਾਈਕਾਟ ਕਰਨਾ। ਅੰਗਰੇਜ਼ਾਂ ਵੱਲੋਂ ਦੇਸ਼ ਵਿਚ ਜਿਹੜੀਆਂ ਸਹੂਲਤਾਂ ਦਿੱਤੀਆਂ ਗਈਆਂ ਸਨ, ਉਨ੍ਹਾਂ ਤੋਂ ਬਿਨਾਂ ਕੰਮ ਚਲਾਉਣ ਦਾ ਰਸਤਾ ਲੱਭਣਾ- ਇਹ ਸੀ ਗੁਰੂ ਰਾਮ ਸਿੰਘ ਜੀ ਦਾ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਪ੍ਰਯੋਗ। ਗਿਰੇ ਹੋਏ ਜ਼ਮਾਨੇ ਵਿੱਚ ਦੋ-ਚਾਰ ਲੱਖ ਲੋਕਾਂ ਦਾ ਸਹਿਯੋਗ ਪ੍ਰਾਪਤ ਕਰਨਾ ਮਾਮੂਲੀ ਜਿਹੀ ਪ੍ਰਾਪਤੀ ਨਹੀਂ ਸੀ।

ਜਦੋਂ ਮੈਂ ਸੁਣਿਆ ਕਿ ਇਹ ਨਾਮਧਾਰੀ ਸਿੱਖ ਅੰਗਰੇਜ਼ਾਂ ਦੀ ਨੌਕਰੀ ਨਹੀਂ ਕਰਦੇ, ਅੰਗਰੇਜ਼ੀ ਵਿੱਦਿਆ ਨਹੀਂ ਪੜ੍ਹਦੇ, ਅੰਗਰੇਜ਼ੀ ਅਦਾਲਤਾਂ ਵਿੱਚ ਆਪਣੇ ਝਗੜੇ ਮੁਕੱਦਮੇ ਨਹੀਂ ਲੈ ਕੇ ਜਾਂਦੇ, ਉਦੋਂ ਗਾਂਧੀ ਜੀ ਦਾ ਸਵਰਾਜ ਸਾਧਨਾ ਨਾਲ ਉਸਦੀ ਮਹਾਨਤਾ ਵੇਖ ਕੇ ਮੇਰੇ ਮਨ ਵਿੱਚ ਅਪਣੱਤ ਜਾਗੀ। ਅੰਗਰੇਜ਼ਾਂ ਦੀ ਨੌਕਰੀ ਅਤੇ ਵਲਾਇਤੀ ਮਾਲ ਦੀ ਤਜਾਰਤ ਦਾ ਬਾਈਕਾਟ ਕਰਨ ਪਿੱਛੋਂ ਇਹ ਗੱਲ ਸੁਭਾਵਿਕ ਹੀ ਸੀ ਕਿ ਇਹ ਜਨਤਾ ਦੇ ਪ੍ਰਤੀਨਿਧ ਨਾਮਧਾਰੀ ਖੇਤੀ ਵੱਲ ਪੂਰਾ ਧਿਆਨ ਦੇਣਗੇ ਹੀ, ਗਊਆਂ ਤੇ ਬਲਦਾਂ ਦੀਆਂ ਨਸਲਾਂ ਸੁਧਾਰਨਗੇ, ਚੰਗੇ ਘੋੜੇ ਰੱਖਣਗੇ ਅਤੇ ਪਿੰਡਾਂ ਦੇ ਹੁਨਰ ਉਦਯੋਗਾਂ ਨੂੰ ਉਤਸ਼ਾਹਿਤ ਕਰਨਗੇ। ਸਿੱਖ ਧਰਮ ਸਦਾਚਾਰ ਦਾ ਪ੍ਰਚਾਰ ਕਰਦਾ ਹੈ ਇਹ ਜਾਣ ਕੇ ਨਾਮਧਾਰੀਆਂ ਨੇ ਸ਼ਰਾਬ-ਕਬਾਬ ਦਾ ਪ੍ਰਹੇਜ਼ ਰੱਖਿਆ, ਸਿਗਰਟ ਪੀਣ ਤੋਂ ਵੀ ਦੂਰ ਰਹੇ। ਗਾਂਧੀ ਜੀ ਵੀ ਕੌਮੀ ਸ਼ਕਤੀ ਵਧਾਉਣ ਲਈ ਰਚਨਾਤਮਕ ਪ੍ਰੋਗਰਾਮ ਅਤੇ ਆਤਮ ਸ਼ੁੱਧੀ ਦੀ ਪ੍ਰਵਿਰਤੀ ਚਲਾਉਂਦੇ ਸਨ।

ਨਾਮਧਾਰੀ ਸੰਪ੍ਰਦਾਇ ਵੱਲ ਮੇਰਾ ਧਿਆਨ ਵੱਟਦਾ ਚਲਾ ਗਿਆ। ਨਾਮਧਾਰੀ ਸੰਪ੍ਰਦਾਇ ਆਮ ਜਨਤਾ ਵਿੱਚ ਫੈਲਿਆ ਹੋਇਆ ਹੈ ਇਹ ਵੀ ਮੇਰੇ ਲਈ ਇੱਕ ਵਿਸ਼ੇਸ਼ ਖਿੱਚ ਸੀ। ਮਨ ਵਿੱਚ ਵਾਰ ਵਾਰ ਆਉਂਦਾ ਕਿ ਨਾਮਧਾਰੀਆਂ ਦੀ ਗੱਦੀ ਜਿੱਥੇ ਹੈ ਉਸ ਭੈਣੀ ਸਾਹਿਬ ਦੀ ਇੱਕ ਵਾਰ ਯਾਤਰਾ ਕਰਾਂ ਇਹ ਅਜਿਹਾ ਮੌਕਾ ਮੈਨੂੰ ਮਿਲਿਆ ਵੀ ਜਦ ਮੈਂ ਭਾਰਤ ਸਰਕਾਰ ਵੱਲੋਂ ਨਿਯੁਕਤ ਪੱਛੜੀ ਹੋਈ ਜਾਤੀ ਕਮਿਸ਼ਨ ਦੇ ਪ੍ਰਧਾਨ ਦੀ ਹੈਸੀਅਤ ਵਿਚ ਭਾਰਤ ਭਰ ਦਾ ਦੌਰਾ ਕਰਨ ਲਈ ਤਿਆਰ ਹੋਇਆ। ਲੋਕ ਸਭਾ ਦੇ ਮੇਰੇ ਸਾਥੀ ਆਤਮਾ ਸਿੰਘ ਨਾਮਧਾਰੀ ਜੀ ਨੂੰ ਮੈਂ ਜਾਣਦਾ ਹੀ ਸਾਂ।

ਸਾਲ 1953-54 ਦੇ ਦਿਨਾਂ ਵਿੱਚ ਮੈਂ ਸੁਤੰਤਰ ਭਾਰਤ ਦੇ ਪੱਛੜੇ ਹੋਏ ਹਿੱਸਿਆਂ ਦਾ ਦਰਸ਼ਨ ਕੀਤਾ। 5 ਜੁਲਾਈ 1954 ਵਾਲੇ ਦਿਨ ਮੈਂ ਚੰਡੀਗੜ੍ਹ ਤੋਂ ਭੈਣੀ ਸਾਹਿਬ ਪੁੱਜਾ। ਭਾਰਤ ਦੇ ਅਨੇਕ ਪਵਿੱਤਰ ਅਸਥਾਨਾਂ ਦੀ ਯਾਤਰਾ ਮੈਂ ਕੀਤੀ ਹੈ- ਭਗਤੀ ਨਾਲ ਕੀਤੀ ਹੈ, ਪਰ ਹਰ ਥਾਂ 'ਤੇ ਭਗਵਾਨ ਦੀ ਥਾਂ ਪੰਡਤਾਂ ਅਤੇ ਪ੍ਰੋਹਤਾਂ ਦੇ ਹੀ ਦਰਸ਼ਨ ਹੁੰਦੇ ਸਨ। ਭੈਣੀ ਸਾਹਿਬ ਵਿੱਚ ਅਜਿਹੀ ਮਾਯੂਸੀ ਨਹੀਂ ਹੋਈ, ਉੱਥੇ ਤਾਂ ਭਗਤ ਕਿਸਾਨਾਂ ਦਾ ਹੀ ਵਾਯੂਮੰਡਲ ਸੀ। ਅਸੀਂ ਘੁੰਮ ਕੇ ਸਾਰਾ ਪਿੰਡ ਵੇਖਿਆ। ਗੁਰੂ ਰਾਮ ਸਿੰਘ ਜੀ ਦਾ ਧਿਆਨ ਮੰਡਪ ਵੇਖਿਆ, ਰਹਿਣ ਦੀ ਥਾਂ ਵੇਖੀ, ਉਸ ਥਾਂ ਤੇ ਲੰਗਰ ਦੀ ਤਾਂ ਕੋਈ ਤੁਲਨਾ ਹੀ ਨਹੀਂ, ਉਹ ਲੰਗਰ ਵੀ ਵੇਖਿਆ।

ਉੱਥੇ ਮੈਨੂੰ ਪਰਮ ਸੰਤੋਖ ਉਦੋਂ ਹੋਇਆ ਜਦੋਂ ਮੈਂ ਉੱਤਮ ਸੰਗੀਤ ਦੇ ਨਾਲ ਗਾਏ ਹੋਏ ਸ਼ਬਦ ਸੁਣੇ। ਮੈਂ ਆਪਣੇ ਪਿਆਰੇ ਦੋ ਤਿੰਨ ਭਜਨ ਖਾਸ ਕਰਕੇ ਮੰਗ ਲਏ। ਇਕ ਸੀ 'ਗੁਰੂ ਬਿਨ ਕੌਣ ਬਿਤਾਵੇ ਬਾਟ' ਅਤੇ ਦੂਸਰਾ ਸੀ 'ਠਾਕੁਰ ਤੁਮ ਸਰਣਾਈ ਆਇਓ'

ਹੁਣ ਤਾਂ ਮੇਰੀ ਉਮਰ ਅੱਸੀ ਤੋਂ ਵੀ ਵੱਧ ਹੋ ਗਈ ਹੈ। ਕੰਨ ਤੋਂ ਵੀ ਘੱਟ ਸੁਣਦਾ ਹੈ। ਇਸ ਲਈ 5 ਜੁਲਾਈ 1954 ਵਿੱਚ ਭੈਣੀ ਸਾਹਿਬ ਦੇ ਪਵਿੱਤਰ ਅਸਥਾਨ ਤੇ ਕੰਨ ਵਿੱਚ ਭਰੇ ਹੋਏ ਭਜਨਾਂ ਦੇ ਸੁਰ ਯਾਦ ਕਰਕੇ ਹੀ ਸੰਤੋਸ਼ ਮੰਨਦਾ ਹਾਂ।

ਨਾਮਧਾਰੀ ਪੰਥ ਦੀਆਂ ਸਭਾਵਾਂ ਦਾ ਜਦੋਂ ਮੈਂ ਖਿਆਲ ਅਤੇ ਚਿੰਤਨ ਕਰਦਾ ਹਾਂ ਤਾਂ ਭਾਰਤ ਦੇ ਸਾਰੇ ਦੇ ਸਾਰੇ ਧਰਮ ਸੁਧਾਰਕਾਂ ਦੇ ਕੰਮਾਂ ਦਾ ਇਤਿਹਾਸ ਅੱਖਾਂ ਸਾਹਮਣੇ ਆ ਜਾਂਦਾ ਹੈ।

ਕੋਈ ਵੀ ਧਰਮ ਦਾ ਕੰਮ ਜਦੋਂ ਸਮਾਜ ਵਿੱਚ ਹਰਮਨ ਪਿਆਰਾ ਹੁੰਦਾ ਹੈ ਅਤੇ ਉਸ ਦੀਆਂ ਜੜ੍ਹਾਂ ਮਜ਼ਬੂਤ ਹੁੰਦੀਆਂ ਹਨ ਤਾਂ ਉਸ ਵਿੱਚ ਪਿਛਾਂਹ-ਖਿੱਚੂ ਖ਼ਿਆਲ ਅਤੇ ਪਰੰਪਰਾ ਪਿਆਰ ਤੇ ਜੜ੍ਹਤਾ ਆ ਜਾਂਦੀ ਹੈ ਅਤੇ ਫੇਰ ਉਸ ਨੂੰ ਸੁਧਾਰਨ ਲਈ ਨਵੇਂ ਸੁਧਾਰਕਾਂ ਨੂੰ ਨਵਾਂ ਹੀ ਰਸਤਾ ਤਾਂ ਖੋਲ੍ਹਣਾ ਪੈਂਦਾ ਹੈ। ਰਿਸ਼ੀਆਂ ਮੁਨੀਆਂ ਦੇ ਕੰਮ ਵਿੱਚ ਜਦੋਂ ਦਕਿਆਨੂਸੀਅਤ ਆ ਗਈ ਤਾਂ ਬੁੱਧ ਭਗਵਾਨ ਜਿਹੇ ਧਰਮ ਸੁਧਾਰਕ ਨੂੰ ਨਵਾਂ ਰਸਤਾ ਲੱਭਣਾ ਪਿਆ। ਬੁੱਧ ਧਰਮ ਜਦੋਂ ਗਿਰਾਵਟ ਵਿੱਚ ਆਇਆ ਤਾਂ ਸੰਤਾਂ ਨੂੰ ਆਪਣੇ ਆਪ ਸੰਪਰਦਾਇ ਦੇ ਸ਼ੁੱਧੀਕਰਨ ਅਤੇ ਸਦਾਚਾਰ ਵਾਲੇ ਭਗਤੀ

ਮਾਰਗ ਨੂੰ ਉਤਸ਼ਾਹ ਦੇਣਾ ਪਿਆ।

ਸੰਤਾਂ ਦੇ ਕੰਮਾਂ ਨੂੰ ਤੇਜ਼ ਕਰਨ ਦੀ ਜਦੋਂ ਲੋੜ ਪਈ, ਉਦੋਂ ਪੰਜਾਬ ਵਿਚ ਸਿੱਖ-ਮੱਤ ਜ਼ੋਰਾਂ 'ਤੇ ਚੱਲਿਆ। ਰਣਜੀਤ ਸਿੰਘ ਪਿੱਛੋਂ ਜਦ ਸਿੱਖ ਸਾਮਰਾਜ ਖੇਰੂੰ-ਖੇਰੂੰ ਹੋਇਆ ਤਾਂ ਗੁਰੂ ਰਾਮ ਸਿੰਘ ਨੂੰ ਨਾਮਧਾਰੀ ਪੰਥ ਚਲਾਉਣਾ ਪਿਆ। (ਠੰਡ ਦੇ ਦਿਨਾਂ ਵਿੱਚ ਕਮਰੇ ਨੂੰ ਗਰਮ ਕਰਨ ਲਈ ਅਸੀਂ ਅੰਗੀਠੀ ਜਲਾਉਂਦੇ ਹਾਂ ਪਰ ਉਨ੍ਹਾਂ ਅੰਗਿਆਰਿਆਂ ਤੇ ਹੌਲੀ-ਹੌਲੀ ਰਾਖ਼ ਛਾ ਜਾਂਦੀ ਹੈ।) ਜਿਹੜਾ ਪੰਥ ਤੇਜ਼ੀ ਨਾਲ ਬਗ਼ਾਵਤ ਕਰਦਿਆਂ ਸ਼ੁਰੂ ਹੋਇਆ ਉਸੇ ਵਿੱਚ ਰੂੜੀਵਾਦ ਅਤੇ ਭੂਤ ਕਾਲ ਦੀ ਉਪਾਸਨਾ ਆ ਜਾਂਦੀ ਹੈ।

ਦਿਗਵਿਜੈ ਕਰਨ ਵਾਲੇ ਅਤੇ ਤੇ ਤੇਜਸਵੀ ਸ਼ੰਕਰਾਚਾਰੀਆ ਦੇ ਮੱਠ ਵੀ ਹੌਲੀ-ਹੌਲੀ ਭੂਤਕਾਲ ਦੇ ਉਪਾਸ਼ਕ ਬਣ ਜਾਂਦੇ ਹਨ। ਇਸ ਲਈ ਜੋ ਵੀ ਸੱਚੇ ਪੁਰਸ਼ ਗੱਦੀ 'ਤੇ ਆਉਂਦੇ ਹਨ, ਉਹ ਸਮਝ ਲੈਣ ਕਿ ਉਨ੍ਹਾਂ ਦਾ ਕੰਮ ਸਿਰਫ਼ ਭਗਤੀ ਭਾਵ ਨਾਲ ਪੁਰਾਣੀਆਂ ਗੱਲਾਂ ਨੂੰ ਸੰਭਾਲਣ ਦਾ ਹੀ ਨਹੀਂ, ਸਗੋਂ ਅਸਲੀ ਚੇਤਨਾ ਨੂੰ ਜਾਗਰਿਤ ਰੱਖਣ ਲਈ ਉਸ ਨੂੰ ਨਵੇਂ-ਨਵੇਂ ਰੂਪ ਵੀ ਦੇਣੇ ਚਾਹੀਦੇ ਹਨ ਅਤੇ ਨਵੇਂ ਜ਼ਮਾਨੇ ਦੇ ਨਵੇਂ ਸੁਆਲ ਨਵੇਂ ਢੰਗ ਨਾਲ ਹੱਲ ਕਰਨ ਲਈ ਤਿਆਰ ਵੀ ਹੋਣਾ ਚਾਹੀਦਾ ਹੈ।

ਜਦੋਂ ਮੈਂ ਸੁਣਿਆ ਕਿ ਨਾਮਧਾਰੀ ਸਮਾਜ ਨੇ ਕਾਂਗਰਸ ਨੂੰ ਅਪਣਾ ਲਿਆ ਹੈ ਅਤੇ ਸੁਤੰਤਰਤਾ ਪ੍ਰਾਪਤ ਕਰਨ ਦੇ ਗਾਂਧੀ ਜੀ ਦੇ ਰਸਤੇ ਵਿੱਚ ਨਾਮਧਾਰੀ ਲੋਕ ਕਾਫ਼ੀ ਸੰਖਿਆ ਵਿਚ ਅਤੇ ਪੂਰੇ ਉਤਸ਼ਾਹ ਨਾਲ ਸ਼ਰੀਕ ਹੋਏ ਹਨ, ਉਦੋਂ ਮੈਂ ਇਹ ਵੇਖ ਸਕਿਆ ਹਾਂ ਕਿ ਇਹ ਸੰਪਰਦਾਇ ਭੂਤਕਾਲ ਦੀ ਉਪਾਸ਼ਕ ਨਹੀਂ ਹੈ ਸਗੋਂ ਜਿਉਂਦੇ ਦਿਲ ਨਾਲ ਉੱਠਦੇ ਸਵਾਲਾਂ ਨੂੰ ਹੱਲ ਕਰਨ ਲਈ ਤਿਆਰ ਹੋ ਸਕਦੀ ਹੈ।

ਹੁਣ ਤਾਂ ਆਪਣਾ ਰਾਜ ਕਾਇਮ ਹੋ ਚੁੱਕਿਆ ਹੈ, ਦੁਨੀਆਂ ਦੇ ਦਰਬਾਰ ਵਿੱਚ ਭਾਰਤ ਨੂੰ ਥਾਂ ਮਿਲ ਚੁੱਕੀ ਹੈ, ਹੁਣ ਸਾਡੇ ਸੁਆਲ ਹੱਲ ਕਰਨ ਲਈ ਦੁਨੀਆਂ ਭਰ ਦੇ ਛੋਟੇ-ਵੱਡੇ ਸਭ ਦੇਸ਼ ਅੱਗੇ ਆ ਰਹੇ ਹਨ ਅਤੇ ਅਸੀਂ ਵੀ ਦੁਨੀਆਂ ਦੇ ਸਭ ਸੁਆਲ ਸਮਝ ਕੇ ਆਪਣੇ ਵੱਲੋਂ ਜੋ ਵੀ ਸਲਾਹ ਦੇਣ ਯੋਗ ਹੈ, ਉਹ ਦੇ ਰਹੇ ਹਾਂ।

ਭਾਰਤ ਵਿਚ ਹੀ ਨਹੀਂ ਸਗੋਂ ਸਾਰੀ ਦੁਨੀਆਂ ਵਿੱਚ ਵੀ ਲੋਕਾਂ ਦਾ ਸਦਾਚਾਰ ਅਤੇ ਧਾਰਮਿਕਤਾ ਵੱਲ ਧਿਆਨ ਘਟਿਆ ਹੈ। ਹਰ ਇੱਕ ਆਦਮੀ ਆਪਣੇ ਆਪਣੇ ਧਰਮ ਦੇ ਗੁੱਟ ਦਾ, ਜਾਤੀ ਦਾ ਅਭਿਮਾਨ ਰੱਖਦਾ ਹੈ। ਭਾਰਤ ਵਿੱਚ ਹਿੰਦੂ, ਬੁੱਧ, ਸਿੱਖ, ਜੈਨ, ਪਾਰਸੀ, ਮੁਸਲਮਾਨ, ਈਸਾਈ, ਸਾਰੇ ਇਕੱਠੇ ਰਹਿੰਦੇ ਹਨ। ਸਾਰੇ ਮਿਲ ਕੇ ਇੱਕ ਦੇਸ਼ ਬਣ ਚੁੱਕੇ ਹਨ। ਹੁਣ ਅਸਾਂ ਆਪਣਾ ਅੰਦਰੂਨੀ ਝਗੜਾ ਵਧਾ ਕੇ ਭਾਰਤ ਨੂੰ ਕਮਜ਼ੋਰ ਨਹੀਂ ਕਰਨਾ। ਹੁਣ ਅਸਾਂ 'ਸਾਰੇ ਧਰਮ ਇੱਕ ਬਰਾਬਰ' ਉਦੇਸ਼ ਲੈ ਕੇ ਅੱਗੇ ਵਧਣਾ ਹੈ।

ਆਪਣੇ ਆਪਣੇ ਧਰਮ ਦਾ ਸ਼ੁੱਧ ਸਰੂਪ ਵਿੱਚ ਪਾਲਣ ਕਰਦੇ ਹੋਏ ਦੂਜੇ ਧਰਮਾਂ ਵੱਲ ਸਾਡੀ ਹਮਦਰਦੀ ਅਤੇ ਆਦਰ ਹੋਣਾ ਚਾਹੀਦਾ ਹੈ ਅਤੇ ਸਮਾਜਿਕ ਜੀਵਨ ਵਿੱਚ ਸਾਨੂੰ ਸਭ ਨੂੰ ਘੁਲ ਮਿਲ ਜਾਣਾ ਚਾਹੀਦਾ ਹੈ। ਕਿਸੇ ਵੇਲੇ ਸਿੱਖਾਂ ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਨੇੜੇ ਆਉਣ ਦਾ ਰਸਤਾ ਦੱਸਿਆ, ਜਾਤ ਪਾਤ ਦੇ ਝਗੜੇ ਛੱਡ ਕੇ ਸਾਰੀ ਜਨਤਾ ਨੂੰ ਇੱਕਮਿਕ ਹੋਣ ਦੀ ਕਲਾ ਸਿਖਾਈ। ਹੁਣ ਉਨ੍ਹਾਂ ਦਾ ਕੰਮ ਹੈ ਕਿ ਗਰਾਮਦਾਨ ਵਰਗੇ ਅੰਦੋਲਨ ਨੂੰ ਅਪਨਾਉਣ ਅਤੇ ਬਹੁ ਧਰਮੀ ਬਹੁ ਭਾਸ਼ੀ ਅਤੇ ਬਹੁ ਵੰਸ਼ੀ ਭਾਰਤੀ ਜਨਤਾ ਦੀ ਅੰਦਰੂਨੀ ਸੁਰੱਖਿਆ ਲਈ ਅਹਿੰਸਕ ਸ਼ਾਂਤੀ ਸੈਨਾ ਦਾ ਸੰਗਠਨ ਵੀ ਕਾਰਨ। ਮੈਂ ਵੇਖਦਾ ਹਾਂ ਕਿ ਸਿੱਖਾਂ ਦੇ ਪਵਿੱਤਰ ਸ੍ਰੀ ਗ੍ਰੰਥ ਸਾਹਿਬ ਵਿੱਚ ਸਭ ਤਰ੍ਹਾਂ ਸ੍ਰੀ ਸੰਤ ਬਾਣੀ ਨੂੰ ਸਥਾਨ ਦਿੱਤਾ ਗਿਆ ਹੈ। ਹਰ ਇੱਕ ਨੂੰ ਬਰਾਬਰ ਸਮਝਣ ਦੀ ਰੁਚੀ ਨਾਲ ਹੀ ਸਾਰੇ ਧਰਮਾਂ ਨੂੰ ਅਪਣਾਉਣਾ ਸਿੱਖਾਂ ਲਈ ਸੌਖਾ ਹੈ। ਜਦੋਂ ਉੱਨਤੀ ਕਰਨੀ ਹੈ ਤਾਂ Thus for & no farther ਦਾ ਸੂਤਰ ਨਹੀਂ ਚੱਲੇਗਾ। ਦੁਨੀਆਂ ਸਥਿਰ ਨਹੀਂ ਹੈ। ਮਨੁੱਖਾ ਜਾਤੀ ਨੂੰ ਨਵੇਂ ਨਵੇਂ ਪ੍ਰਯੋਗ ਕਰਨੇ ਹੀ ਹਨ। ਭੂਤਕਾਲ ਵਿੱਚ ਨਹੀਂ, ਵਰਤਮਾਨ ਕਾਲ ਵਿੱਚ ਜੀਣਾ ਹੈ ਅਤੇ ਉਹ ਵੀ ਉੱਜਵਲ ਭਵਿੱਸ਼ ਕਾਲ ਲਈ ਜਿਨ੍ਹਾਂ ਵਿੱਚ ਚੇਤਨਤਾ ਹੈ ਉਹ ਹੀ ਇਸ ਰਸਤੇ ਇਹ ਰਸਤਾ ਅਪਣਾਉਣਗੇ।

**ਸਤਿਜੁਗ ਆਪ ਪੜ੍ਹੋ**
**ਅਤੇ**
**ਹੋਰਾਂ ਨੂੰ ਵੀ ਪੜ੍ਹਾਓ।**

# ਮਹਾਨ ਸੁਤੰਤਰਤਾ ਸੰਗਰਾਮੀ ਸਤਿਗੁਰੂ ਰਾਮ ਸਿੰਘ ਜੀ

– ਡਾ. ਦੇਵਿੰਦਰ ਸਿੰਘ ਉਸਾਹਨ

ਮਹਾਨ ਸੁਤੰਤਰਤਾ ਸੰਗਰਾਮੀ ਸਤਿਗੁਰੂ ਰਾਮ ਸਿੰਘ ਜੀ ਉਹ ਮਹਾਨ ਪੁਰਸ਼ ਅਤੇ ਪਵਿੱਤਰ ਆਤਮਾ ਹੋਏ ਹਨ ਜਿਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਬਹੁਤ ਵੱਡੇ ਅਤੇ ਮਹਾਨ ਕਾਰਜ ਕੀਤੇ। ਆਪ ਭਾਰਤ ਨੂੰ ਆਜ਼ਾਦ ਕਰਵਾਉਣ ਵਾਲੇ ਮੋਢੀਆਂ ਵਿਚੋਂ ਇੱਕ ਸਨ। 1857 ਈ. ਦੀ ਆਜ਼ਾਦੀ ਦੀ ਲੜਾਈ ਦੀ ਅਸਫਲਤਾ ਤੋਂ ਬਾਅਦ ਭਾਰਤ ਵਾਸੀਆਂ, ਵਿਸ਼ੇਸ਼ ਤੌਰ 'ਤੇ ਪੰਜਾਬ ਦੇ ਨਿਵਾਸੀਆਂ ਦੇ ਦਿਲਾਂ ਵਿਚ ਇਨ੍ਹਾਂ ਨੇ ਦੇਸ਼ ਪਿਆਰ ਪੈਦਾ ਕੀਤਾ। ਇਨ੍ਹਾਂ ਨੇ ਅੰਗਰੇਜ਼ੀ ਰਾਜ ਨਾਲ ਨਾ-ਮਿਲਵਰਤਣ, ਗੁਲਾਮੀ ਨਾਲ ਘਿਰਣਾ, ਵਿਦੇਸ਼ੀ ਚੀਜ਼ਾਂ ਨਾਲ ਬਾਈਕਾਟ ਅਤੇ ਦੇਸ਼ ਵਿਚ ਬਣੇ ਖੱਦਰ ਦੇ ਕੱਪੜਿਆਂ ਨੂੰ ਹੀ ਪਹਿਨਣ ਅਤੇ ਦੇਸ਼ ਵਿਚ ਬਣੀਆਂ ਚੀਜ਼ਾਂ ਨੂੰ ਹੀ ਵਰਤਣ ਉੱਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸੱਚਾ, ਸਵੱਛ ਅਤੇ ਨੈਤਿਕ ਜੀਵਨ ਜੀਉਣ ਲਈ ਉਤਸਾਹਿਤ ਕੀਤਾ। ਉਨ੍ਹਾਂ ਦੀ ਇਤਨੀ ਮਹਾਨ ਸ਼ਖਸੀਅਤ ਸੀ ਕਿ ਜਿਹੜਾ ਵੀ ਉਨ੍ਹਾਂ ਦੇ ਸੰਪਰਕ ਵਿਚ ਆਉਂਦਾ ਉਨ੍ਹਾਂ ਦੇ ਕਲਿਆਣਕਾਰੀ ਉਪਦੇਸ਼ਾਂ, ਉਦਾਰ ਵਿਚਾਰਾਂ ਅਤੇ ਸੱਚੇ ਮਾਰਗ ਤੋਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕਦਾ। ਇਨ੍ਹਾਂ ਨੇ ਦੇਸ਼ ਪਿਆਰ, ਪ੍ਰਭੂ ਪਿਆਰ, ਸੰਤੋਖ, ਭਜਨ, ਹਰੀ ਦਾ ਕੀਰਤਨ ਆਦਿ ਸੱਚੇ ਗੁਣਾਂ ਨੂੰ ਗ੍ਰਹਿਣ ਕਰਨ ਦੀ ਪ੍ਰੇਰਣਾ ਦਿੱਤੀ।

ਸਤਿਗੁਰੂ ਰਾਮ ਸਿੰਘ ਜੀ ਦਾ ਜਨਮ 3 ਫਰਵਰੀ, 1816 ਈ. ਵਿਚ ਸਤਿਲੁਜ ਦੇ ਇਲਾਕੇ ਦੇ ਇਕ ਪਿੰਡ ਰਾਈਆਂ, ਜ਼ਿਲ੍ਹਾ ਲੁਧਿਆਣਾ ਵਿਚ ਸ. ਜੱਸਾ ਸਿੰਘ ਦੇ ਗ੍ਰਹਿ ਵਿਖੇ ਹੋਇਆ। ਇਨ੍ਹਾਂ ਦੇ ਪਿਤਾ ਗੁਰਬਾਣੀ ਦੇ ਅਥਾਹ ਪ੍ਰੇਮੀ ਸਨ। ਉਹ ਗੁਰਮੁਖ ਪਿਆਰੇ ਅਤੇ ਬਹੁਤ ਹੀ ਚੰਗੇ ਮਿੱਠੇ ਸੁਭਾ ਵਾਲੇ ਮਹਾਂਪੁਰਸ਼ ਸਨ। ਛੇਤੀ ਹੀ ਉਹਨਾਂ ਆਪਣਾ ਨਿਵਾਸ ਨਾਲ ਲਗਦੀ ਪੱਤੀ ਪਿੰਡ ਭੈਣੀ ਸਾਹਿਬ ਵਿਚ ਲੈ ਆਂਦਾ। ਸਤਿਗੁਰੂ ਜੀ ਨੇ ਆਪਣੇ ਘਰ ਵਿਚ ਹੀ ਗੁਰਮੁਖੀ ਅੱਖਰਾਂ ਦੀ ਜਾਣ ਪਛਾਣ ਕਰ ਲਈ ਅਤੇ ਗੁਰਬਾਣੀ ਨੂੰ ਕੰਠ ਕਰ ਲਿਆ। ਆਪ ਜੀ ਨੂੰ ਸਿੱਖਿਆ ਪ੍ਰਾਪਤ ਕਰਨ ਲਈ ਪਿੰਡ ਬਿਲਗੇ ਵੀ ਭੇਜਿਆ ਗਿਆ। ਜਦੋਂ ਆਪ ਪੰਜ ਵਰ੍ਹਿਆਂ ਦੇ ਸਨ ਤਾਂ ਆਪ ਜੀ ਦੀ ਕੁੜਮਾਈ ਪਿੰਡ ਧਰੋੜ ਦੇ ਸ੍ਰੀ ਸਾਹਿਬ ਸਿੰਘ ਜੀ ਦੀ ਸਪੁੱਤਰੀ ਬੀਬੀ ਜੱਸਾਂ, ਜੀ ਨਾਲ ਕਰ ਦਿੱਤੀ ਗਈ। ਦੋ ਵਰ੍ਹਿਆਂ ਬਾਅਦ ਆਪ ਜੀ ਦਾ ਆਨੰਦ ਕਾਰਜ ਕਰ ਦਿੱਤਾ ਗਿਆ। ਆਪ ਜੀ ਦਾ ਬਚਪਨ ਗੁਰਬਾਣੀ ਪੜ੍ਹਣ, ਪ੍ਰਮੇਸਰ ਦਾ ਸਿਮਰਨ ਕਰਨ ਅਤੇ ਸਿੱਖ ਇਤਿਹਾਸ ਪੜ੍ਹਨ ਵਿਚ ਹੀ ਬਤੀਤ ਹੋਇਆ।

ਸੰਨ 1837 ਈ. ਵਿਚ ਆਪ ਆਪਣੀ ਭੈਣ ਜੀ ਅਤੇ-ਜੀਜਾ ਜੀ ਦੀ ਪ੍ਰੇਰਣਾ ਸਦਕਾ ਕੰਵਰ ਨੌਨਿਹਾਲ ਸਿੰਘ-ਦੀ ਰਜਮੈਂਟ ਵਿਚ ਭਰਤੀ ਹੋ ਗਏ, ਉਸ ਸਮੇਂ ਆਪ ਜੀ ਦੀ ਉਮਰ 21 ਵਰ੍ਹੇ ਦੀ ਸੀ। ਆਪ ਜੀ ਨੇ ਉੱਥੇ ਨਿਰਭੈਤਾ, ਨਿਸ਼ਾਨੇਬਾਜ਼ੀ ਅਤੇ ਸਮੇਂ ਦੀ ਪਾਬੰਦੀ ਜੈਸੇ ਕਈ ਚੰਗੇ ਗੁਣਾਂ ਨੂੰ ਗ੍ਰਹਿਣ ਕੀਤਾ ਅਤੇ ਇਹੀ ਗੁਣ ਆਪ ਜੀ ਨੇ ਆਪਣੇ ਪੈਰੋਕਾਰਾਂ ਨੂੰ ਬੜੇ ਸੁਚੱਜੇ ਢੰਗ ਨਾਲ ਸਮਝਾਏ। ਜਦੋਂ ਵੀ ਆਪ ਜੀ ਨੂੰ ਸਮਾਂ ਮਿਲਦਾ ਆਪ ਪ੍ਰਮੇਸਰ ਦੇ ਨਾਮ ਸਿਮਰਨ, ਗੁਰਦੁਆਰਿਆਂ ਦੇ ਦਰਸ਼ਨ-ਦੀਦਾਰ ਕਰਨ ਵਿਚ ਸਮਾਂ ਬਤੀਤ ਕਰਦੇ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਦਾ ਪਤਨ ਸ਼ੁਰੂ ਹੋਇਆ। ਸਤਿਗੁਰੂ ਜੀ ਸਮਝਦੇ ਸਨ ਕਿ ਹੁਣ ਤਾਂ ਐਸੇ ਸਮੇਂ ਸਿੰਘਾਂ ਨੂੰ ਇਕੱਠੇ ਹੋਣ ਦੀ ਲੋੜ ਹੈ। ਉਨ੍ਹਾਂ ਨੇ ਇਸ ਸਮੇਂ ਅਜਿਹੇ ਵਰਣਨਯੋਗ ਕਾਰਜ ਆਰੰਭੇ ਜਿਸ ਨਾਲ ਸਿੱਖ ਰਾਜ ਮੁੜ ਸੰਗਠਨ ਹੋਣਾ ਆਰੰਭ ਹੋ ਗਿਆ ਅਤੇ ਉੱਥੇ ਸਤਿਗੁਰੂ ਜੀ ਨੇ ਸਾਹਸ ਦਾ ਪਰਿਚੈ ਵੀ ਦਿੱਤਾ ਅਤੇ ਕਈ ਮਹੱਤਵਪੂਰਣ ਕਾਰਜ ਕੀਤੇ ਜਿਨ੍ਹਾਂ ਦਾ ਇਤਿਹਾਸ ਵਿਚ ਆਪਣਾ ਵਿਸ਼ੇਸ਼ ਸਥਾਨ ਅਤੇ ਮਹੱਤਵ ਵੀ ਹੈ। ਜਿਨ੍ਹਾਂ ਸਬੰਧੀ ਅਸੀਂ ਸੰਖੇਪਿਤ ਰੂਪ ਵਿਚ ਵਰਣਨ ਕਰਾਂਗੇ।

ਸ. ਲਹਿਣਾ ਸਿੰਘ ਜੀ ਆਪ ਜੀ ਦੇ ਪਿਆਰੇ ਮਿੱਤਰ ਸਨ। ਇਨ੍ਹਾਂ ਦੀ ਪ੍ਰੇਰਣਾ ਸਦਕਾ ਆਪ ਨੇ ਭੈਣੀ ਸਾਹਿਬ ਦੇ ਗੁਰਦੁਆਰੇ ਦੀ ਨੀਂਹ ਰੱਖ ਕੇ ਉਸ ਨੂੰ ਪੂਰਨ ਰੂਪ ਦਿੱਤਾ। ਉੱਥੇ ਗੁਰੂ ਕਾ ਲੰਗਰ ਆਰੰਭ ਕੀਤਾ। ਸਾਧ ਸੰਗਤ ਬਿਨਾਂ ਭੇਦ ਭਾਵ ਦੇ ਗੁਰੂ ਕਾ ਲੰਗਰ ਛਕਦੀ ਅਤੇ ਸਤਿਗੁਰੂ

ਜੀ ਦੇ ਗੁਣਾਂ ਦਾ ਗਾਇਨ ਵੀ ਕਰਦੀ। ਇਹ ਪ੍ਰਥਾ ਚਲਾ ਕੇ ਉਨ੍ਹਾਂ ਨੇ ਬਰਾਬਰੀ ਦਾ ਸੰਦੇਸ਼ ਦਿੱਤਾ। ਸੰਨ 1850-52 ਵਿਚ ਫ਼ਿਰੋਜ਼ਪੁਰ ਇਲਾਕੇ ਵਿਚ ਉਸਾਰੀ ਦਾ ਠੇਕਾ ਮਾਮਾ ਸ. ਹਰੀ ਸਿੰਘ ਨੂੰ ਮਿਲਿਆ ਤਾਂ ਆਪ ਨੇ ਕਿਲ੍ਹੇ ਤੇ ਭਵਨ ਬਣਵਾਏ। ਸਤਿਗੁਰੂ ਬਾਲਕ ਸਿੰਘ ਜੀ ਨਾਲ ਵੀ ਆਪ ਜੀ ਦਾ ਮਿਲਾਪ ਹੋਇਆ ਸੀ ਅਤੇ ਉਨਾਂ ਦੀ ਪ੍ਰੇਰਣਾ ਸਦਕਾ ਆਪ ਨੇ ਗੁਰਮਤਿ ਦਾ ਪ੍ਰਚਾਰ ਕੀਤਾ। ਆਪ ਅਜਿਹੇ ਮਹਾਨ ਕਾਰਜ ਕਰਦੇ ਸਮੇਂ ਵੀ ਪਰਮੇਸ਼ਰ ਦਾ ਸਿਮਰਨ ਕਰਨ ਵਿਚ ਲੀਨ ਰਹਿੰਦੇ ਸਨ।

ਸ੍ਰੀ ਭੈਣੀ ਸਾਹਿਬ ਵਿਖੇ ਇਕ ਬਹੁਤ ਵੱਡਾ ਸਮਾਗਮ 12 ਅਪਰੈਲ, 1857 ਈ. ਦੇ ਸ਼ੁਭ ਦਿਨ ਕੀਤਾ ਗਿਆ। ਜਿੱਥੇ ਆਪ ਜੀ ਨੇ ਗੁਰਮਤਿ ਦੀ ਵਿਆਖਿਆ ਕੀਤੀ। ਉੱਥੇ ਦੇਸ਼ ਪਿਆਰ ਦੇ ਲਈ ਸਾਧ ਸੰਗਤਾਂ ਨੂੰ ਜਾਗ੍ਰਿਤ ਵੀ ਕੀਤਾ। ਉਹ ਸਮਾਂ ਇਸ ਤਰ੍ਹਾਂ ਦਾ ਸੀ ਜਦੋਂ ਭਾਰਤ ਵਾਸੀ ਵਿਸ਼ੇਸ਼ ਤੌਰ ਤੇ ਪੰਜਾਬ ਦੇ ਨਿਵਾਸੀ ਅੰਗਰੇਜ਼ਾਂ ਦੇ ਗੁਲਾਮ ਹੋਣ ਕਾਰਣ ਆਤਮਿਕ ਤੌਰ ਤੇ ਗੁਲਾਮ ਬਣ ਗਏ ਸਨ। ਉਹ ਕਈ ਤਰ੍ਹਾਂ ਦੀਆਂ ਕੁਰੀਤਾਂ ਵਿਚ ਫਸ ਚੁੱਕੇ ਸਨ। ਉਨ੍ਹਾਂ ਨੂੰ ਸਿੱਧੇ ਅਤੇ ਸੱਚੇ ਮਾਰਗ ਉਪਰ ਚੱਲਣ ਲਈ ਪ੍ਰੇਰਣਾ ਦਿੱਤੀ। ਦੇਸ਼ ਵਾਸੀਆਂ ਦੇ ਦਿਲਾਂ ਵਿਚ ਦੇਸ਼ ਪਿਆਰ ਉਤਪੰਨ ਕੀਤਾ। ਉਹ ਸਮਾਂ ਇਸ ਤਰ੍ਹਾਂ ਦਾ ਸੀ ਜਦੋਂ ਕੋਈ ਸਿੱਖ ਹਥਿਆਰ ਲੈ ਕੇ ਘੁੰਮ ਨਹੀਂ ਸੀ ਸਕਦਾ। ਇਸ ਲਈ ਉਨ੍ਹਾਂ ਨੇ ਕ੍ਰਿਪਾਨ ਦੀ ਥਾਂ ਤੇ ਲਾਠੀਆਂ, ਸਫਾਜੰਗ ਆਦਿ ਰੱਖਣ ਦਾ ਆਦੇਸ਼ ਦਿੱਤਾ। ਸਤਿਗੁਰੂ ਜੀ ਨੇ ਨਾਮਧਾਰੀਆਂ ਨੂੰ ਜੱਥੇਬੰਦ ਹੋਣ ਦੀ ਵੀ ਪ੍ਰੇਰਣਾ ਦਿੱਤੀ। ਹੌਲੀ ਹੌਲੀ ਨਾਮਧਾਰੀ ਨਿਯਮਿਤ ਰੂਪ ਵਿਚ ਜਥੇਬੰਦ ਹੋਣੇ ਆਰੰਭ ਹੋ ਗਏ। ਅੰਗਰੇਜ਼ਾਂ ਨੇ ਪਹਿਲਾਂ ਤਾਂ ਇਨ੍ਹਾਂ ਦੀਆਂ ਸਰਗਰਮੀਆਂ ਵੱਲ ਧਿਆਨ ਨਾ ਦਿੱਤਾ ਅਤੇ ਇਨ੍ਹਾਂ ਦੇ ਸਮਾਗਮ ਬਿਨਾਂ ਕਿਸੀ ਰੋਕ ਟੋਕ ਦੇ ਹੋ ਜਾਂਦੇ ਸਨ ਪਰੰਤੂ ਇਨ੍ਹਾਂ ਦੀਆਂ ਵਧਦੀਆਂ ਹੋਈਆਂ ਸਰਗਰਮੀਆਂ ਨਾਲ ਅੰਗਰੇਜ਼ਾਂ ਦੇ ਮਨਾਂ ਵਿਚ ਕੁੱਝ ਕੁੱਝ ਸ਼ੱਕ ਪੈਦਾ ਹੋਣਾ ਸ਼ੁਰੂ ਹੋ ਗਿਆ। ਸਰਕਾਰ ਨੇ ਡਿਪਟੀ ਕਮਿਸ਼ਨਰਾਂ ਅਤੇ ਪੁਲਿਸ ਅਧਿਕਾਰੀਆਂ ਨੂੰ ਗੁਪਤ ਰੂਪ ਵਿਚ ਹੁਕਮ ਦਿੱਤਾ ਕਿ ਉਹ ਨਾਮਧਾਰੀ ਸੇਵਕਾਂ ਦੀਆਂ ਸਰਗਰਮੀਆਂ ਉੱਤੇ ਧਿਆਨ ਦੇਣ ਅਤੇ ਇਨ੍ਹਾਂ ਦੀ ਸਮੇਂ ਸਮੇਂ ਉੱਤੇ ਸਰਕਾਰ ਨੂੰ ਸੂਚਨਾ ਦਿੰਦੇ ਰਹਿਣ। ਇਸ ਤਰ੍ਹਾਂ ਸਰਕਾਰ ਇਨ੍ਹਾਂ ਵੱਲ ਕੁਝ ਜ਼ਿਆਦਾ ਧਿਆਨ ਦੇਣ ਲੱਗ ਪਈ। ਉਨ੍ਹਾਂ ਨੂੰ ਇਹ ਮਹਿਸੂਸ ਹੋਣ ਲਗ ਪਿਆ ਕਿ ਇਨ੍ਹਾਂ ਨੇ ਸਮਾਂਨਾਂਤਰ ਸਰਕਾਰ ਤਿਆਰ ਕਰਨੀ ਸ਼ੁਰੂ ਕਰ ਦਿੱਤੀ ਹੈ ਜੋ ਕਿ ਅੰਗਰੇਜ਼ੀ ਹਕੂਮਤ ਲਈ ਖਤਰਾ ਸਿੱਧ ਹੋ ਸਕਦੀ ਹੈ।

ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਵਿਚ ਸਮਾਜਿਕ ਹਾਲਤ ਤਰਸਯੋਗ ਸੀ। ਜਾਤ ਪਾਤ ਦਾ ਕਾਫੀ ਬੋਲ ਬਾਲਾ ਸੀ। ਇਹ ਗੱਲ ਸਤਿਗੁਰੂ ਜੀ ਨੂੰ ਚੰਗੀ ਨਹੀਂ ਸੀ ਲੱਗਦੀ। ਉਨ੍ਹਾਂ ਦੇ ਵਿਚਾਰਾਂ ਵਿਚ ਸਾਰੇ ਮਨੁੱਖ ਇਕ ਸਾਰ ਹਨ। ਉਨ੍ਹਾਂ ਨੇ ਬਾਲ ਵਿਆਹ ਦਾ ਵਿਰੋਧ ਕੀਤਾ। ਵਿਆਹ ਦੇ ਸਮੇਂ ਵਿਅਰਥ ਦੀਆਂ ਰਸਮਾਂ ਜਿਵੇਂ ਆਤਿਸ਼ਬਾਜ਼ੀ, ਮੁਜਰੇ, ਸ਼ਰਾਬ ਆਦਿ ਪੂਰਨ ਤੌਰ ਤੇ ਮਨਾਹੀ ਕੀਤੀ। ਵਿਆਹ ਦੀ ਰਸਮ ਨੂੰ ਬੜਾ ਸਿੱਧਾ - ਸਾਦਾ ਬਣਾਇਆ। ਵਿਆਹ ਦੇ ਮੌਕੇ ਤੇ ਸਵਾ ਰੁਪਏ ਵਿਚ ਅੰਮ੍ਰਿਤ ਛਕਾਉਣਾ, ਸਵਾ ਰੁਪਏ ਵਿਚ ਗਠਜੋੜ ਅਤੇ ਢਾਈ ਰੁਪਏ ਵਿਚ ਕੜਾਹ ਪ੍ਰਸ਼ਾਦ ਭਾਵ ਪੰਜ ਰੁਪਏ ਵਿਚ ਹੀ ਪੂਰੀ ਰੀਤ ਨਾਲ ਵਿਆਹ ਕੀਤਾ ਜਾਣ ਲੱਗਾ। ਇਸ ਪ੍ਰਕਾਰ ਦੇ ਆਨੰਦ ਕਾਰਜ ਦੀ ਪਹਿਲੀ ਰੀਤ ਉਨ੍ਹਾਂ ਨੇ 7 ਜੂਨ, 1863 ਈ. ਨੂੰ ਪਿੰਡ ਖੋਟੇ ਵਿਚ ਆਰੰਭ ਕੀਤੀ। ਇਸ ਰੀਤ ਦਾ ਸਾਧ ਸੰਗਤ ਤੇ ਬਹੁਤ ਪ੍ਰਭਾਵ ਪਿਆ। ਇਹ ਮਰਯਾਦਾ ਹੁਣ ਤੱਕ ਚਲਦੀ ਆ ਰਹੀ ਹੈ। ਉਸ ਸਮੇਂ ਬ੍ਰਾਹਮਣਾਂ ਤੇ ਪੁਰੋਹਿਤਾਂ ਨੇ ਇਨ੍ਹਾਂ ਦਾ ਵਿਰੋਧ ਵੀ-ਬਹੁਤ ਕੀਤਾ ਪਰੰਤੂ ਸਤਿਗੁਰੂ ਜੀ ਦੇ ਇਸ ਮਹਾਨ ਕਾਰਜ ਵਿਚ ਉਹ ਕੋਈ ਰੁਕਾਵਟ ਨਾ ਪਾ ਸਕੇ।

ਸਤਿਗੁਰੂ ਰਾਮ ਸਿੰਘ ਜੀ ਨੇ ਜਿੱਥੇ ਸਾਧ ਸੰਗਤ ਨੂੰ, ਨਾਮਧਾਰੀਆਂ ਨੂੰ ਸਿਮਰਨ ਕਰਨ ਲਈ ਪ੍ਰੇਰਿਆ ਉੱਥੇ ਗੁਰਮਤਿ ਦੇ ਸਿਧਾਂਤਾਂ, ਕਿਰਤ ਕਰਨੀ, ਵੰਡ ਛਕਣ ਨੂੰ ਵੀ ਮੁੱਖ ਰੂਪ ਵਿਚ ਮਹੱਤਤਾ ਦਿੱਤੀ। ਉਨ੍ਹਾਂ ਨੇ ਕਿਹਾ ਕਿਰਤ ਕਰਨੀ ਅਤੇ ਸੇਵਾ ਭਾਵ ਰੱਖਣਾ ਬਹੁਤ ਜ਼ਰੂਰੀ ਹੈ। ਕੁਝ ਸੇਵਕਾਂ ਨੂੰ ਤਾਂ ਗਊਆਂ, ਮੱਝਾਂ, ਬਲਦਾਂ, ਘੋੜਿਆਂ ਆਦਿ ਦੇ ਪਾਲਣ ਦਾ ਵੀ ਕੰਮ ਸੌਂਪਿਆ ਗਿਆ। ਉਨ੍ਹਾਂ ਨੇ ਗਊਆਂ ਦਾ ਪਾਲਣ ਪੋਸ਼ਣ ਕਰਕੇ ਗਊ ਰੱਖਿਆ ਵੀ ਕੀਤੀ।

ਨਾਮਧਾਰੀ ਮੱਤ ਅਨੁਸਾਰ ਨਸ਼ਾ, ਸ਼ਰਾਬ ਅਤੇ ਮਾਸ ਦੀ ਵਰਤੋਂ ਦੀ ਬੜੀ ਸਖਤੀ ਨਾਲ ਮਨਾਹੀ ਕੀਤੀ ਗਈ। ਇਹ ਕੱਟੜ ਵੈਸ਼ਨੂੰ ਅਤੇ ਅਹਿੰਸਾਵਾਦੀ ਹਨ। ਸ਼ਿਕਾਰ ਖੇਡਣਾ ਅਤੇ ਜਾਨਵਰਾਂ ਨੂੰ ਤੰਗ ਕਰਨਾ ਵਰਜਿਤ ਹੈ। ਇਨ੍ਹਾਂ ਨੇ ਆਪਣੇ ਪੈਰੋਕਾਰਾਂ ਨੂੰ ਨਰੋਏ ਸਰੀਰ ਰੱਖਣ ਲਈ ਪ੍ਰੇਰਣਾ ਦਿੱਤੀ ਕਿਉਂਕਿ ਨਰੋਆ ਸਰੀਰ ਹੀ ਨਰੋਆ ਮਨ ਹੋ ਸਕਦਾ ਹੈ।

ਸਰੀਰ ਅਤੇ ਕੱਪੜਿਆਂ ਨੂੰ ਸਾਫ ਰੱਖਣਾ, ਅੰਮ੍ਰਿਤ ਵੇਲੇ ਉੱਠ ਕੇ ਸਣੇ ਕਸੀ ਇਸ਼ਨਾਨ ਕਰਨਾ, ਸਰੀਰ ਦੀ ਕਸਰਤ ਕਰਨੀ ਆਦਿ ਉੱਚੇ ਸੁੱਚੇ ਗੁਣਾਂ ਨੂੰ ਗ੍ਰਹਿਣ ਕਰਨ ਲਈ ਪ੍ਰੇਰਣਾ ਦਿੱਤੀ। ਅੱਜ ਸਾਨੂੰ ਦੂਰੋਂ ਹੀ ਪਤਾ ਲੱਗ ਜਾਂਦਾ ਹੈ। ਕਿ ਇਹ ਸਤਿਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਸਾਜੇ ਹੋਏ ਨਾਮਧਾਰੀ ਸਿੰਘ ਹਨ ਜੋ ਉੱਚੀ ਅਤੇ ਸੁੱਚੀ ਸੋਚ ਦੇ ਮਾਲਕ ਹਨ। ਇਹ ਨਾਮ ਸਿਮਰਨ ਕਰਨ ਵਿਚ ਲੀਨ ਰਹਿੰਦੇ ਹਨ। ਸੇਵਾ ਕਰਨੀ, ਨਾਮ ਸਿਮਰਨ ਕਰਨਾ, ਮਿੱਠਾ ਬੋਲਣ ਦੀ ਗੁੜਤੀ ਜੋ ਸਤਿਗੁਰੂ ਰਾਮ ਸਿੰਘ ਜੀ ਨੇ ਦਿੱਤੀ ਹੈ ਉਹ ਹੁਣ ਵੀ ਉਸੀ ਰੂਪ ਵਿਚ ਵਿਦਮਾਨ ਸਮਸਤ ਵਿਸ਼ਵ ਵਿਚ ਦ੍ਰਿਸ਼ਟੀ ਗੋਚਰ ਹੁੰਦੀ ਹੈ।

ਸਤਿਗੁਰੂ ਜੀ ਦਾ ਵਿਚਾਰ ਸੀ ਕਿ ਦੇਸ਼ ਤਾਂ ਹੀ ਆਜ਼ਾਦ ਹੋ ਸਕਦਾ ਹੈ ਜਦੋਂ ਅੰਗਰੇਜ਼ ਸਰਕਾਰ ਦੇ ਬਰਾਬਰ ਕੂਕਾ ਜਥੇਬੰਦੀ ਕਰਕੇ ਸਮਾਨਾਂਤਰ ਸਰਕਾਰ ਬਣਾਈ ਜਾਏ। ਸਤਿਗੁਰੂ ਜੀ ਤਾਂ ਜਾਣੀ ਜਾਣ ਸਨ। ਸਤਿਗੁਰੂ ਜੀ ਨੇ ਨਾਮਧਾਰੀ ਪੰਥ ਨੂੰ ਜੱਥੇਬੰਦ ਕਰਨ ਦੇ ਲਈ ਬਾਈ ਭਾਗਾਂ ਵਿਚ ਵੰਡਿਆ। ਹਰੇਕ ਭਾਗ ਦਾ ਮੁਖੀ ਸੂਬਾ ਅਤੇ ਉਸ ਦਾ ਸਹਾਇਕ ਨਾਇਬ ਸੂਬਾ ਬਣਾਇਆ ਗਿਆ। ਜੋ ਨਾਮਧਾਰੀ ਪੰਥ ਨਾਲ ਰਾਜਸੀ ਤਾਲਮੇਲ ਨੂੰ ਬਣਾ ਸਕੇ। ਇਹ ਸੂਚਨਾ ਪ੍ਰਣਾਲੀ ਹੁਣ ਵੀ ਉਸੇ ਤਰ੍ਹਾਂ ਕਾਇਮ ਹੈ ਜੋ ਬੜੇ ਸੁਚੱਜੇ ਢੰਗ ਨਾਲ ਆਪਣੇ ਉਦੇਸ਼ਾਂ ਨੂੰ ਪੂਰਨ ਕਰਦੀ ਹੈ। ਇਹ ਸੂਬਾ ਪ੍ਰਣਾਲੀ ਇਸ ਲਈ ਬਣਾਈ ਗਈ ਸੀ ਤਾਂ ਜੋ ਨਾਮਧਾਰੀ ਪੰਥ ਨਾਲ ਰਾਜਸੀ ਤਾਲਮੇਲ ਨੂੰ ਬਣਾ ਸਕੇ। ਸਤਿਗੁਰੂ ਜੀ ਨੇ ਨਾ-ਮਿਲਵਰਤਣ ਅੰਦੋਲਨ ਨੂੰ ਸਾਹਮਣੇ ਰੱਖ ਕੇ ਅੰਗਰੇਜ਼ੀ ਕਾਨੂੰਨ ਅਤੇ ਅੰਗਰੇਜ਼ੀ ਅਦਾਲਤਾਂ ਦਾ ਪੂਰੀ ਤਰ੍ਹਾਂ ਬਹਿਸ਼ਕਾਰ ਕੀਤਾ। ਇਨ੍ਹਾਂ ਨੇ ਆਪਸੀ ਝਗੜੇ ਨਬੇੜਨ ਦੀ ਵੀ ਭਾਰਤੀ ਪਰੰਪਰਾ ਵਿਚ ਪ੍ਰਚਲਿਤ ਰੀਤ ਨੂੰ ਹੀ ਚਲਾਇਆ।

ਸਤਿਗੁਰੂ ਜੀ ਇਸ ਗੱਲ ਤੇ ਦੁਖੀ ਸਨ ਕਿ ਅੰਗਰੇਜ਼ ਇੱਥੋਂ ਦੀ ਪੈਦਾਵਾਰ ਦਾ ਕੱਚਾ ਮਾਲ ਆਪਣੇ ਦੇਸ਼ ਵਿਚ ਲੈ ਜਾਂਦੇ ਹਨ ਅਤੇ ਉੱਥੇ ਕਪੜਾ ਤਿਆਰ ਕਰਕੇ ਭਾਰਤ ਵਚ ਵੇਚਦੇ ਹਨ। ਇਸ ਕਾਰਣ ਕਰਕੇ ਕੁਝ ਵਰ੍ਹਿਆਂ ਵਿਚ ਹੀ ਭਾਰਤ ਦੇਸ਼ ਦੀ ਦਸਤਕਾਰੀ ਨੂੰ ਨਸ਼ਟ ਕਰ ਦਿੱਤਾ। ਏਥੇ ਇਹ ਗੱਲ ਵੀ ਵਰਨਣਯੋਗ ਹੈ ਕਿ ਅੰਗਰੇਜ਼-ਭਾਰਤ ਵਿਚ ਆਉਣ ਸਮੇਂ ਢਾਕੇ ਦੀ ਮਲਮਲ ਸੰਸਾਰ ਵਿਚ ਆਪਣੀ ਪ੍ਰਸਿੱਧੀ ਪ੍ਰਾਪਤ ਕਰ ਚੁੱਕੀ ਸੀ ਅਤੇ ਹਰ ਵਰ੍ਹੇ ਲੱਖਾਂ ਕਰੋੜਾਂ ਦਾ ਮਾਲ ਵਿਦੇਸ਼ਾਂ ਵਿਚ ਜਾ ਕੇ ਵਿਕਦਾ ਸੀ ਜਿਸ ਕਾਰਨ ਹਿੰਦੁਸਤਾਨ ਨੂੰ ਕਾਫੀ ਆਮਦਨ ਸੀ। ਅੰਗਰੇਜ਼ਾਂ ਨੇ ਹਿੰਦੁਸਤਾਨ ਦੀ ਆਰਥਿਕ ਹਾਲਤ ਨੂੰ ਕਮਜ਼ੋਰ ਕਰਨ ਲਈ ਕਈ ਉੱਚਿਤ-ਅਣਉੱਚਿਤ ਕੀਤੇ ਅਤੇ ਸਤਿਗੁਰੂ ਰਾਮ ਸਿੰਘ ਜੀ ਸਮੇਂ ਹਾਲਾਤ ਬਹੁਤ ਕੁਝ ਬਦਲ ਚੁੱਕੇ ਸਨ। ਅੰਗਰੇਜ਼ ਆਪਣੀ ਕੂਟ-ਨੀਤੀ ਦੁਆਰਾ ਹਿੰਦੁਸਤਾਨ ਤੋਂ ਕੱਚਾ ਮਾਲ ਲੈ ਕੇ ਆਪਣੇ ਦੇਸ਼ ਵਿਚ ਕੱਪੜਾ ਬਣਾ ਕੇ ਭਾਰਤ ਵਿਚ ਵੇਚਦੇ ਸਨ ਜਿਸ ਕਾਰਣ ਭਾਰਤ ਦੇਸ ਵਾਸੀਆਂ ਦੀ ਆਰਥਿਕ ਸਥਿਤੀ ਕਾਫੀ ਤਰਸਯੋਗ ਬਣ ਗਈ ਸੀ। ਇਸ ਲਈ ਸਤਿਗੁਰੂ ਜੀ ਨੇ ਇਸ ਗੱਲ ਨੂੰ ਭਾਂਪ ਲਿਆ ਅਤੇ ਉਨ੍ਹਾਂ ਨੇ ਭਾਰਤ ਵਾਸੀਆਂ ਨੂੰ ਆਪਣੀਆਂ ਨਿੱਜੀ ਲੋੜਾਂ ਨੂੰ ਸਾਦਾ ਕਰਨ ਦੀ ਹਦਾਇਤ ਕੀਤੀ। ਆਪਣੇ ਹੱਥੀਂ ਕੱਤੇ ਹੋਏ ਖੱਦਰ ਨੂੰ ਪਹਿਨਣ ਦਾ ਆਦੇਸ਼ ਦਿੱਤਾ। ਥਾਂ ਥਾਂ ਘਰੇਲੂ ਦਸਤਕਾਰੀ, ਖੱਡੀਆਂ ਅਤੇ ਚਰਖੇ ਆਦਿ ਨੂੰ ਉੱਨਤ ਕੀਤਾ ਅਤੇ ਦੇਸ਼ ਨੂੰ ਆਰਥਿਕ ਪੱਖੋਂ ਮਜ਼ਬੂਤ ਕਰਨ ਲਈ ਹੋਰ ਯਤਨ ਕੀਤਾ। ਇਹ ਵੀ ਸਤਿਗੁਰੂ ਜੀ ਦੀ ਇਕ ਸਮਝਦਾਰ ਨੀਤੀ ਸੀ ਜਿਸ ਨੇ ਦੇਸ਼ ਨੂੰ ਆਰਥਿਕ ਪੱਖੋਂ ਕਮਜ਼ੋਰ ਹੋਣ ਤੋਂ ਬਚਾਇਆ।

ਸਤਿਗੁਰੂ ਜੀ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕਈ ਹੋਰ ਮਹੱਤਵਪੂਰਣ ਕਾਰਜ ਕਰਨੇ ਆਰੰਭ ਕਰ ਦਿੱਤੇ। ਇਸ ਸੰਦਰਭ ਵਿਚ ਸਤਿਗੁਰੂ ਜੀ ਨੇ ਨਾਮਧਾਰੀ ਸਮਾਗਮ ਹੋਰ ਜ਼ਿਆਦਾ ਕਰਨੇ ਆਰੰਭ ਕਰ ਦਿੱਤੇ। ਇਨ੍ਹਾਂ ਨਾਮਧਾਰੀ ਸਮਾਗਮਾਂ ਨਾਲ ਅੰਗਰੇਜ਼ਾਂ ਨੂੰ ਡਰ ਪੈਦਾ ਹੋਣ ਲੱਗ ਪਿਆ। ਸਤਿਗੁਰੂ ਜੀ ਨੂੰ ਪਤਾ ਸੀ ਭਾਰਤ ਵਿੱਚੋਂ ਅੰਗਰੇਜਾਂ ਨੂੰ ਕੱਢਣ ਲਈ ਅਜਿਹੇ ਤਰੀਕੇ ਅਪਣਾਏ ਜਾਣ ਤਾਂ ਜੋ ਅੰਗਰੇਜ਼ ਇਹ ਸਮਝ ਸਕਣ ਕਿ ਭਾਰਤੀਆਂ ਦੇ ਦਿਲਾਂ ਵਿਚ ਆਜ਼ਾਦੀ ਦੀ ਦਹਿਕਦੀ ਅੱਗ ਹੈ ਅਤੇ ਉਹ ਹਰ ਪ੍ਰਕਾਰ ਦੀ ਕੁਰਬਾਨੀ ਦੇਣ ਨੂੰ ਤਿਆਰ ਹਨ। ਇਸ ਲਈ ਇਤਿਹਾਸ ਵਿਚ ਲਿਖਿਆ ਮਿਲਦਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਕਈ ਲੱਖਾਂ ਨਾਮਧਾਰੀ ਸਿੰਘ ਸਜਾਏ ਜੋ ਦੇਸ਼ ਦੀ ਆਜ਼ਾਦੀ ਲਈ ਜੂਝੇ। ਨਾਮਧਾਰੀਆਂ ਦੀਆਂ ਵਧਦੀਆਂ ਹੋਈਆਂ ਸਰਗਰਮੀਆਂ ਕਾਰਨ ਅੰਗਰੇਜ਼ ਨਾਮਧਾਰੀਆਂ ਨੂੰ ਆਪਣਾ ਵੈਰੀ ਸਮਝਣ ਲਗ ਪਏ। ਉਨ੍ਹਾਂ ਨੇ ਸਤਿਗੁਰੂ ਜੀ ਦੇ ਸਮਾਗਮਾਂ ਉੱਤੇ ਪਾਬੰਦੀ ਲਗਾ ਦਿੱਤੀ ਪਰੰਤੂ ਸਤਿਗੁਰੂ ਜੀ

ਨੇ ਭੈਣੀ ਸਾਹਿਬ ਨੂੰ ਹੀ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾ ਲਿਆ। ਭੈਣੀ ਸਾਹਿਬ ਵਿਚ ਸਤਿਗੁਰੂ ਜੀ ਨੇ ਸਦਾਵਰਤ' ਨਾਂ ਨਾਲ ਇਸਤਰ੍ਹਾਂ ਦੇ ਲੰਗਰ ਦਾ ਪ੍ਰਬੰਧ ਕੀਤਾ ਜੋ ਚੌਵੀ ਘੰਟੇ ਚਲਦਾ ਰਹਿੰਦਾ ਸੀ। ਕਾਲ ਪੈਣ ਉਤੇ ਸਤਿਗੁਰੂ ਜੀ ਨੇ ਕਾਲ ਪੀੜਤਾਂ ਦੀ ਜੋ ਸਹਾਇਤਾ ਕੀਤੀ ਉਸ ਦਾ ਸਿੱਖ ਇਤਿਹਾਸ ਵਿਚ ਉਚੇਚਾ ਵਰਣਨ ਹੈ। ਇਹ ਲੰਗਰ ਹੁਣ ਵੀ ਉਸੇ ਤਰ੍ਹਾਂ ਬੜੇ ਸੁਚੱਜੇ ਅਤੇ ਵਧੀਆ ਢੰਗ ਨਾਲ ਚਲ ਰਿਹਾ ਹੈ। ਇਸ ਤਰ੍ਹਾਂ ਦੇ ਨਾਲ ਨਾਮਧਾਰੀਆਂ ਦਾ ਇੱਕ ਹੋਰ ਪ੍ਰਸਿੱਧ ਗੁਰਧਾਮ ਸਿਰਸਾ ਦੇ ਨਜ਼ਦੀਕ ਸ੍ਰੀ ਜੀਵਨ ਨਗਰ ਵਿਖੇ ਹੈ ਜਿੱਥੇ ਰਹਿਣ ਦਾ ਅਤੇ ਗੁਰੂ ਕੇ ਲੰਗਰ ਦਾ ਬਹੁਤ ਹੀ ਵਧੀਆ ਪ੍ਰਬੰਧ ਹੈ।

ਸਤਿਗੁਰੂ ਜੀ ਦੁਆਰਾ ਕੀਤੀ ਨਾ ਮਿਲਵਰਤਣ ਲਹਿਰ ਅਰਥਾਤ ਕੂਕਿਆਂ ਦੀ ਨਾ-ਮਿਲਵਰਤਣ ਲਹਿਰ ਦਾ ਵੀ ਆਜ਼ਾਦੀ ਪ੍ਰਾਪਤ ਕਰਨ ਵਿਚ ਵਰਣਨਯੋਗ ਸਥਾਨ ਹੈ। ਇਸ ਨਾ-ਮਿਲਵਰਤਣ ਲਹਿਰ ਅਧੀਨ ਅੰਗਰੇਜ਼ੀ ਕਾਨੂੰਨ ਦੀ ਪਰਵਾਹ ਨਾ ਕਰਨਾ, ਸਰਕਾਰੀ ਅਦਾਲਤਾਂ ਦਾ ਬਾਈਕਾਟ ਕਰਨਾ, ਸੁਦੇਸ਼ੀ ਮਾਲ ਦੀ ਵਰਤੋਂ ਕਰਨਾ, ਅੰਗਰੇਜ਼ੀ ਸਕੂਲਾਂ ਦਾ ਬਾਈਕਾਟ ਕਰਨਾ, ਸਵਾਰੀ ਲਈ ਘੋੜੇ ਆਦਿ ਦੀ ਵਰਤੋਂ ਕਰਨਾ ਅਤੇ ਇਕ ਥਾਂ ਤੋਂ ਦੂਜੀ ਥਾਂ ਤੱਕ ਡਾਕ ਪਹੁੰਚਾਉਣ ਦਾ ਪ੍ਰਬੰਧ ਵੀ ਖੁਫੀਆ ਢੰਗ ਨਾਲ ਕੀਤਾ। ਇਸ ਨਾ ਮਿਲਵਰਤਣ ਲਹਿਰ ਕਾਰਣ ਅੰਗਰੇਜ਼ ਕਾਫੀ ਦੁਖੀ ਹੋ ਗਏ। ਜਿਸ ਕਾਰਨ ਉਨ੍ਹਾਂ ਨੇ ਨਾਮਧਾਰੀਆਂ ਦੀਆਂ ਸਰਗਰਮੀਆਂ ਵੱਲ ਹੋਰ ਵਿਸ਼ੇਸ਼ ਰੂਪ ਵਿਚ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਨਾਮਧਾਰੀਆਂ ਦੀਆਂ ਬਹੁਤ ਤੇਜ਼ੀ ਨਾਲ ਵੱਧਦੀਆਂ ਸਰਗਰਮੀਆਂ ਅੰਗਰੇਜ਼ ਹਕੂਮਤ ਲਈ ਇਕ ਵੱਡੀ ਮੁਸੀਬਤ ਨਜ਼ਰ ਆਉਣ ਲੱਗ ਪਈ। ਇੱਥੋਂ ਤੱਕ ਮਲੇਰਕੋਟਲੇ ਵਾਲੇ ਕਾਂਡ ਤੋਂ ਪਿੱਛੋਂ ਅੰਗਰੇਜ਼ ਸਰਕਾਰ ਤਾਂ ਇੰਨੀ ਡਰ ਗਈ ਕਿ ਉਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰਨ ਦਾ ਨਿਸ਼ਚਾ ਹੀ ਕਰ ਲਿਆ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ ਕਿ ਸਤਿਗੁਰੂ ਜੀ ਦੇ ਇੱਥੇ ਰਹਿਣ ਨਾਲ ਹਾਲਾਤ ਹੋਰ ਵਿਗੜ ਸਕਦੇ ਹਨ। ਇਸ ਲਈ ਨਾਮਧਾਰੀ ਇਤਿਹਾਸ ਅਨੁਸਾਰ ਅੰਗਰੇਜ਼ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਪਹਿਲਾਂ ਅਲਾਹਾਬਾਦ ਭੇਜਿਆ ਪਰੰਤੂ ਉਨ੍ਹਾਂ ਨੂੰ ਇਹ ਵੀ ਡਰ ਲੱਗ ਗਿਆ ਕਿ ਅਲਾਹਾਬਾਦ ਨੇੜੇ ਹਿੰਦੂਆਂ ਦਾ ਪ੍ਰਸਿੱਧ ਤੀਰਥ ਅਸਥਾਨ ਹੈ ਅਤੇ ਇਸ ਕਰਕੇ ਇਨ੍ਹਾਂ ਨੂੰ ਇੱਥੇ ਰੱਖਣਾ ਵੀ ਯੋਗ ਨਹੀਂ। ਇਸ ਲਈ ਇਨ੍ਹਾਂ ਨੂੰ ਭਾਰਤ ਤੋਂ ਬਾਹਰ ਭੇਜ ਦਿੱਤਾ ਜਾਵੇ।

ਇਸੇ ਆਧਾਰ ਤੇ ਸਤਿਗੁਰੂ ਰਾਮ ਸਿੰਘ ਜੀ ਨੂੰ-ਇਨ੍ਹਾਂ ਦੇ ਨਿੱਜੀ ਸੇਵਕ ਨਾਨੂੰ ਸਿੰਘ ਨਾਲ ਛੇਤੀ ਹੀ ਬਰਮ੍ਹਾਂ ਭੇਜ ਦਿੱਤਾ ਗਿਆ। ਇਹ ਗੱਲ 16 ਮਾਰਚ, 1872 ਈ. ਦੀ ਦੱਸੀ ਜਾਂਦੀ ਹੈ। ਆਪ ਜੀ ਨੂੰ ਪੰਜ ਮਹੀਨੇ ਤੱਕ ਸੈਂਟਰਲ ਜੇਲ ਰੰਗੂਨ ਦੇ ਇਕ ਚੁਬਾਰੇ ਵਿਚ ਰੱਖਿਆ ਗਿਆ। ਇਸ ਪਿਛੋਂ ਛਾਉਣੀ ਵਿਖੇ ਡਾਕਖਾਨੇ ਵਾਲੇ ਬੰਗਲੇ ਵਿੱਚ ਰੱਖਿਆ ਗਿਆ। ਸਤੰਬਰ 1880 ਵਿੱਚ ਮਰਗੋਈ ਪਹੁੰਚਾ ਦਿੱਤਾ ਗਿਆ, ਨਾਮਧਾਰੀ ਪੰਥ ਦੇ ਸ਼ਰਧਾਵਾਨਾਂ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਜੇਲ੍ਹ ਵਿੱਚੋਂ ਨਿਕਲ ਕੇ ਆਪਣਾ ਕੌਤਕ ਵਿਖਾ ਕੇ ਅਲੋਪ ਹੋ ਗਏ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਸਤਿਗੁਰੂ ਜੀ ਨੇ ਆਪਣਾ ਸਰੀਰ ਨਹੀਂ ਛੱਡਿਆ। ਇਸ ਤਰ੍ਹਾਂ ਵੇਖਦੇ ਹਾਂ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਜੀਵਨ ਵਿਚ ਅਜਿਹੇ ਕਾਰਜ ਕੀਤੇ ਜੋ ਕਦੀ ਵੀ ਨਹੀਂ ਭੁਲਾਏ ਜਾ ਸਕਦੇ।

ਇੱਥੇ ਲਿਖਣਾ ਯੋਗ ਹੋਵੇਗਾ ਕਿ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵਲੋਂ ਪਟਿਆਲਾ ਵਿਖੇ 22-24 ਫਰਵਰੀ 2004 ਨੂੰ "ਨਾਮਧਾਰੀ ਲਹਿਰ: ਜੰਗੇ ਆਜ਼ਾਦੀ ਅਤੇ ਸਾਹਿਤਕ ਯੋਗਦਾਨ' ਵਿਸ਼ੇ ਤੇ ਇਕ ਵਿਸ਼ਾਲ ਗੋਸ਼ਟ-ਵੀ ਕਰਵਾਈ ਗਈ ਸੀ ਜਿਸ ਵਿਚ ਸ. ਐਚ. ਐਸ. ਹੰਸਪਾਲ ਨੇ ਕਿਹਾ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਪਹਿਲੇ ਮਹਾਨ ਸੁਤੰਤਰਤਾ ਸੰਗਰਾਮੀ ਹਨ ਜਿਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਵਿਉਂਤਬੱਧ ਢੰਗ ਨਾਲ ਐਸੇ ਮਹਾਨ ਕਾਰਜ ਕੀਤੇ ਜੋ ਇਤਿਹਾਸ ਵਿਚ ਵਰਣਨਯੋਗ ਹਨ। ਮੋਢੀ ਸੁਤੰਤਰਤਾ ਸੰਗਰਾਮੀਆਂ ਦੇ ਇਤਿਹਾਸ ਨੂੰ ਮੁੜ ਲਿਖਣ ਦੀ ਜ਼ਰੂਰਤ ਹੈ। ਇਸ ਵਿਚ ਕੋਈ ਸੰਦੇਹ ਨਹੀਂ ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਯੋਜਨਾਬੱਧ ਤਰੀਕੇ ਨਾਲ ਕਾਰਜ ਕੀਤੇ। ਉਨ੍ਹਾਂ ਵੱਲੋਂ ਕੀਤੇ ਗਏ ਮਹਾਨ ਕਾਰਜਾਂ ਨੂੰ ਲਿਖਣ ਲਈ ਇਕ ਵੱਡੇ ਕੈਨਵੈਸ ਦੀ ਲੋੜ ਹੈ ਤਾਂ ਜੋ ਨਾਮਧਾਰੀਆਂ ਦਾ ਸੁਤੰਤਰਤਾ ਸੰਗਰਾਮ ਸਬੰਧੀ ਇਤਿਹਾਸ ਪ੍ਰਮਾਣਿਕ ਰੂਪ ਵਿਚ ਲਿਖਿਆ ਜਾ ਸਕੇ।

.......................................................

# ਮਹਾਰਾਜ ਰਾਮ ਸਿੰਘ ਜੀ ਦੀ ਅਲੌਕਿਕ ਸ਼ਖ਼ਸੀਅਤ

**ਡਾ. ਮਾਨ ਸਿੰਘ ਨਿਰੰਕਾਰੀ**

ਮਹਾਰਾਜ ਰਾਮ ਸਿੰਘ ਜੀ ਨੇ ਸਿੱਖ ਰਾਜ ਬਣਦਿਆਂ ਤੇ ਬਿਖਰਦਿਆਂ ਵੇਖਿਆ। ਨੌਜਵਾਨ ਅਵਸਥਾ ਵਿਚ ਉਹ ਕੰਵਰ ਨੌਨਿਹਾਲ ਸਿੰਘ ਦੀ ਰਜਮੈਂਟ ਵਿਚ ਮੁਲਾਜਮ ਸਨ। ਕੁਝ ਸਮੇਂ ਲਈ ਇਨ੍ਹਾਂ ਦੀ ਰਜਮੈਂਟ ਹਜ਼ਰੋਂ (ਪਾਕਿਸਤਾਨ) ਵਿਚ ਰੁਕੀ। ਆਪ ਮੁੱਢ ਤੋਂ ਹੀ ਧਾਰਮਿਕ ਵਿਚਾਰਾਂ ਦੇ ਧਾਰਨੀ ਸਨ। ਏਥੇ ਆਪ ਜੀ ਦੀ ਭੇਂਟ ਬਾਬਾ ਬਾਲਕ ਸਿੰਘ ਜੀ ਨਾਲ ਹੋਈ। ਆਪ ਬਾਬਾ ਬਾਲਕ ਸਿੰਘ ਜੀ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਨਾਮ-ਦਾਨ ਦੀ ਬਖ਼ਸ਼ਿਸ਼ ਹਾਸਲ ਕੀਤੀ। ਉਹਨਾਂ ਨੇ ਆਪ ਨੂੰ ਆਪਣਾ ਜਾਨਸ਼ੀਨ ਥਾਪਿਆ।

ਅੰਗਰੇਜਾਂ ਦੀ ਕੁਟਲ ਨੀਤੀ, ਡੋਗਰਿਆਂ ਦੀ ਬੇਵਫਾਈ ਤੇ ਅੰਦਰੂਨੀ ਪਾਟਕ ਕਾਰਨ ਸਿੱਖ ਅਤੇ ਅੰਗਰੇਜ਼ ਫ਼ੌਜਾਂ ਵਿਚਾਲੇ ਯੁੱਧ ਸ਼ੁਰੂ ਹੋ ਗਿਆ। ਹਫੜਾ-ਦਫੜੀ ਤੇ ਆਪੋ-ਧਾਪੀ ਵਾਲੇ ਮਾਹੌਲ ਕਾਰਨ ਆਪ ਦੇ ਕੋਮਲ ਮਨ ਨੂੰ ਭਾਰੀ ਠੇਸ ਪੁੱਜੀ। ਆਪ ਜਾਣਦੇ ਸਨ ਕਿ ਕੇਵਲ ਹਥਿਆਰਾਂ ਨਾਲ ਸਿੱਖ ਕੌਮ 'ਚ ਆਈ ਗਿਰਾਵਟ ਦੂਰ ਨਹੀਂ ਕੀਤੀ ਜਾ ਸਕਦੀ, ਇਸ ਲਈ ਸਿੱਖਾਂ ਦਾ ਅਧਿਆਤਮਕ ਤੌਰ 'ਤੇ ਬਲਵਾਨ ਹੋਣਾ ਲਾਜ਼ਮੀ ਹੈ। ਆਪ ਨੇ ਆਪਣੀ ਬੰਦੂਕ ਸਤਲੁਜ ਦਰਿਆ ਵਿਚ ਸੁੱਟ ਦਿੱਤੀ ਤੇ ਵਾਪਸ ਆਪਣੇ ਪਿੰਡ ਭੈਣੀ (ਲੁਧਿਆਣਾ) ਪਰਤ ਆਏ। ਏਥੇ ਆਪ ਨੇ ਪਿਤਾ ਪੁਰਖੀ ਕਿਰਤ ਵੀ ਕੀਤੀ ਤੇ ਦੁਕਾਨ ਵੀ ਚਲਾਈ। ਇਸ ਅਰਸੇ ਦੌਰਾਨ ਆਪ ਨੇ ਡੂੰਘਾ ਚਿੰਤਨ ਕੀਤਾ।

**ਨਾਮਧਾਰੀ ਲਹਿਰ ਦੀ ਸਥਾਪਨਾ**

ਸੰਨ-1857 ਵਿਚ ਆਪ ਨੇ ਨਾਮਧਾਰੀ ਲਹਿਰ ਦੀ ਨੀਂਹ ਰੱਖੀ। ਆਪ ਦੀ ਚੁੰਬਕੀ ਸ਼ਖ਼ਸੀਅਤ ਕਾਰਨ ਭਾਰੀ ਗਿਣਤੀ ਵਿੱਚ ਸ਼ਰਧਾਲੂ ਨਾਮਧਾਰੀ ਲਹਿਰ ਵਿਚ ਸ਼ਾਮਲ ਹੋ ਗਏ। ਆਪ ਨੇ ਆਪਣੇ ਅਨੁਯਾਈਆਂ ਨੂੰ ਮੀਟ, ਸ਼ਰਾਬ ਤੇ ਨਸ਼ਿਆਂ ਤੋਂ ਰਹਿਤ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੱਤੀ। ਨਾਮਧਾਰੀ ਸਿੱਖਾਂ ਵਿਚ ਚਿੱਟੇ ਰੰਗ ਦੀ ਵਿਸ਼ੇਸ਼ ਮਹੱਤਤਾ ਹੈ। ਚਿੱਟੇ ਰੰਗ ਦਾ ਨਾਮਧਾਰੀ ਨਿਸ਼ਾਨ ਸਾਹਿਬ ਸ਼ਾਂਤੀ ਦਾ ਪ੍ਰਤੀਕ ਹੈ। ਚਿੱਟੇ ਰੰਗ ਦੇ ਬਸਤਰ-ਸਵੱਛ ਰਹਿਣੀ ਬਹਿਣੀ ਵਜੋਂ ਜਾਣੇ ਜਾਂਦੇ ਹਨ ਅਤੇ ਗੋਲ ਚਿੱਟੇ ਰੰਗ ਦੀ ਦਸਤਾਰ ਇਨ੍ਹਾਂ ਦੀ ਵੱਖਰੀ ਪਛਾਣ ਦੀ ਸਾਖੀ ਭਰਦੀ ਹੈ। ਆਪ ਬਹੁਤ ਸਾਰੀ ਸੰਗਤ ਸਮੇਤ ਸ੍ਰੀ ਆਨੰਦਪੁਰ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨਾਂ ਨੂੰ ਗਏ। ਪੁਜਾਰੀਆਂ ਅਤੇ ਗ੍ਰੰਥੀਆਂ ਨੂੰ ਆਪ ਵਲੋਂ ਕੀਤੇ ਜਾ ਰਹੇ ਪਰਿਵਰਤਨ ਦੇ ਕਾਰਜ ਪ੍ਰਵਾਨ ਨਹੀਂ ਸਨ, ਫਲਸਰੂਪ ਉਨ੍ਹਾਂ ਨੇ ਆਪ ਵੱਲੋਂ ਅਰਦਾਸ ਤੋਂ ਇਨਕਾਰ ਕਰ ਦਿੱਤਾ।

**ਸਮਾਜ ਭਲਾਈ ਦੇ ਕਾਰਜ-**

ਆਪ ਨੇ ਸਮਾਜਿਕ ਤੇ ਧਾਰਮਿਕ ਰਹੁ-ਰੀਤਾਂ ਵਿਚ ਪਰਿਵਰਤਨ ਲਿਆਣ 'ਚ ਯੋਗਦਾਨ ਪਾਇਆ। ਜੰਮਦੀਆਂ ਕੁੜੀਆਂ ਨੂੰ ਮਾਰਨ ਦੀ ਮਨਾਹੀ, ਵਿਧਵਾ ਵਿਆਹ ਨੂੰ ਉਤਸ਼ਾਹਤ ਕਰਨ ਤੋਂ ਇਲਾਵਾ ਆਪ ਨੇ ਇਸਤਰੀਆਂ ਨੂੰ ਖੰਡੇ ਦੀ ਪਾਹੁਲ ਛਕਾਉਣ ਉਤੇ ਵਿਸ਼ੇਸ਼ ਬਲ ਦਿੱਤਾ। ਇਸਤਰੀਆਂ ਨੂੰ ਖੰਡੇ ਦੀ ਪਾਹੁਲ ਦੇਣ ਦੀ ਪ੍ਰਥਾ ਦਾ ਆਰੰਭ ਆਪ ਨੇ ਹੀ ਕੀਤਾ। ਸਿੱਖਾਂ ਨੂੰ ਮੀਟ, ਸ਼ਰਾਬ ਅਤੇ ਹਰ ਤਰ੍ਹਾਂ ਦੇ ਨਸ਼ਿਆਂ ਤੋਂ ਦੂਰ ਰਹਿਣ ਦੀ ਹਦਾਇਤ ਕੀਤੀ। ਆਪ ਨੇ ਮਨ ਦੀ ਸਵੱਛਤਾ ਤੋਂ ਇਲਾਵਾ ਸਿੱਖਾਂ ਨੂੰ ਬਾਹਰੀ ਸਵੱਛਤਾ ਅਤੇ ਨਿਤਨੇਮ ਦੀਆਂ ਬਾਣੀਆਂ ਕੰਠ ਕਰਨ 'ਤੇ ਵਿਸ਼ੇਸ਼ ਜ਼ੋਰ ਵੀ ਦਿੱਤਾ।

**ਨਾਮਧਾਰੀ ਲਹਿਰ 'ਚ ਆਨੰਦ ਵਿਆਹ ਦੀ ਪ੍ਰਥਾ ਦਾ ਆਰੰਭ-**

1863 ਈ. ਵਿਚ ਪਿੰਡ ਖੋਟੇ ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ- ਮਹਾਰਾਜ ਰਾਮ ਸਿੰਘ ਜੀ ਨੇ ਆਨੰਦ ਕਾਰਜ ਦੀ ਪ੍ਰਥਾ ਨੂੰ ਨਾਮਧਾਰੀ ਲਹਿਰ 'ਚ ਸ਼ਾਮਲ ਕਰਨ ਦਾ ਅਹਿਮ ਕਾਰਜ ਕੀਤਾ। ਗੁਰਬਾਣੀ ਵਿਚੋਂ ਸ੍ਰੀ ਗੁਰੂ ਰਾਮ ਦਾਸ ਜੀ ਦੀਆਂ ਸੂਹੀ ਰਾਗ ਵਿਚ ਉਚਾਰੀਆਂ ਲਾਵਾਂ ਅਤੇ ਵੇਦੀ ਤੇ ਹਵਨ-ਦੀਆਂ ਪ੍ਰਦੱਖਣਾ ਕਰਨ ਦੀ ਪ੍ਰਥਾ ਆਰੰਭੀ। ਆਨੰਦ ਵਿਆਹ ਦੀ ਇਸ ਪ੍ਰਥਾ ਦੀ ਵੱਡੀ ਦੇਣ ਸਾਦੇ ਤਰੀਕੇ ਨਾਲ ਕੀਤੇ ਜਾਂਦੇ ਸਮੂਹਕ, ਆਨੰਦ-ਕਾਰਜ ਹਨ। ਨਾਮਧਾਰੀ ਬੱਚੇ-ਬੱਚੀਆਂ ਦੇ ਵਿਆਹ ਭੈਣੀ ਸਾਹਿਬ ਵਿਖੇ ਇਸ ਸਾਦੀ ਪ੍ਰਥਾ ਅਨੁਸਾਰ ਹੁੰਦੇ ਹਨ। ਵਿਆਹ ਸਮੇਂ ਬੱਚੇ-ਬੱਚੀ ਨੇ ਬਿਲਕੁਲ ਸਾਦੇ ਸਫ਼ੈਦ ਬਸਤਰ ਪਹਿਨੇ ਹੁੰਦੇ ਹਨ। ਸਿੱਖ ਸਮਾਜ ਇਸ ਪ੍ਰਥਾ ਤੋਂ ਸੇਧ ਲੈ ਕੇ ਵਿਆਹ ਸਮੇਂ ਦੀਆਂ ਖਰਚੀਲੀਆਂ ਤੇ ਭੜਕੀਲੀਆਂ ਰਸਮਾਂ ਤੋਂ ਬਚ ਸਕਦਾ ਹੈ।

### ਸਰਕਾਰ ਨਾਲ ਟਕਰਾਓ

ਸਿੱਖ ਰਾਜ ਵਿਚ ਗਊ ਹੱਤਿਆ ਦੀ ਮਨਾਹੀ ਸੀ। ਅੰਗਰੇਜ਼ਾਂ ਨੇ ਇਸਦੀ ਖੁਲ੍ਹ ਦੇ ਦਿੱਤੀ। ਜਿਸ ਦੇ ਵਿਰੋਧ ਵਿਚ ਆਪ ਜੀ ਦੇ ਅਨੁਯਾਈਆਂ ਨੇ ਅੰਮ੍ਰਿਤਸਰ ਵਿਖੇ ਗਊਆਂ ਛੁਡਾਈਆਂ। ਉਹਨਾਂ ਦੀ ਹੱਤਿਆ ਕਰਨ ਵਾਲੇ ਬੁੱਚੜ ਮੁਕਾਬਲੇ ਵਿਚ ਮਾਰੇ ਗਏ। ਪੁਲਿਸ ਨੇ ਕੁੱਝ ਨਿਰਦੋਸ਼ ਨਿਹੰਗ ਸਿੰਘਾਂ ਅਤੇ ਸ਼ਹਿਰ ਦੇ ਹੋਰ ਪਤਵੰਤੇ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ। ਮਹਾਰਾਜ ਰਾਮ ਸਿੰਘ ਜੀ ਨੇ ਨਿਰਦੋਸ਼ਾਂ ਸਿੰਘਾਂ ਨੂੰ ਸਜ਼ਾ ਮਿਲਦੀ ਵੇਖ ਕੇ ਆਪਣੇ ਅਨੁਯਾਈਆਂ ਨੂੰ ਜੱਜ ਪਾਸ ਸੱਚ ਬਿਆਨਣ ਭੇਜਿਆ। ਇਹ ਇਕ ਵੱਡਾ ਦਲੇਰਾਨਾ ਕਦਮ ਸੀ। ਜਨਤਾ ਨੂੰ ਭੈਅ-ਭੀਤ ਕਰਨ ਲਈ ਸਰਕਾਰ ਨੇ 4 ਨਾਮਧਾਰੀਆਂ ਨੂੰ ਅੰਮ੍ਰਿਤਸਰ ਵਿਖੇ ਦਰੱਖਤਾਂ ਨਾਲ ਲਟਕਾਅ ਕੇ ਫ਼ਾਂਸੀ ਦੀ ਸਜ਼ਾ ਦਿੱਤੀ। ਲੁਧਿਆਣੇ ਵਿਖੇ ਵੀ ਬੇਕਸੂਰ ਗਿਆਨੀ ਰਤਨ ਸਿੰਘ ਤੇ ਰਤਨ ਸਿੰਘ ਨਾਈਵਾਲਾ ਨੂੰ ਸਰਕਾਰ ਨੇ ਫ਼ਾਂਸੀ 'ਤੇ ਲਟਕਾਅ ਦਿੱਤਾ। (ਇਸ ਤੋਂ ਪਹਿਲਾਂ ਰਾਏਕੋਟ ਵਿਖੇ ਬੁੱਚੜ ਬੱਧ ਕੇਸ ਵਿਚ 5 ਅਗਸਤ 1871 ਈ. ਨੂੰ ਤਿੰਨ ਨਾਮਧਾਰੀ ਸਿੰਘਾਂ ਨੂੰ ਬੱਸੀਆਂ ਨੇੜੇ ਫ਼ਾਂਸੀ ਦਿੱਤੀ ਗਈ ਸੀ-ਸੰਪਾਦਕ) ਇਨ੍ਹਾਂ ਘਟਨਾਵਾਂ ਕਾਰਨ ਨਾਮਧਾਰੀ ਸਿੱਖਾਂ 'ਚ ਰੋਸ ਪੈਦਾ ਹੋ ਗਿਆ। ਫਲਸਰੂਪ ਨਾਮਧਾਰੀ ਸਿੰਘਾਂ ਦੇ ਇਕ ਵੱਡੇ ਜਥੇ ਨੇ ਭਾਈ ਹੀਰਾ ਸਿੰਘ ਤੇ ਲਹਿਣਾ ਸਿੰਘ ਦੀ ਅਗਵਾਈ ਹੇਠ ਬਾਬਾ ਰਾਮ ਸਿੰਘ ਜੀ ਦੀ ਰਜ਼ਾ ਬਗੈਰ ਮਲੇਰਕੋਟਲੇ 'ਤੇ ਹਮਲਾ ਕਰ ਦਿੱਤਾ ਜਿੱਥੇ ਦੋਵਾਂ ਪਾਸਿਆਂ ਦੇ ਕਈ ਲੋਕ ਮਾਰੇ ਗਏ। ਇਨਸਾਫ਼ ਦੀ ਗੱਲ ਤਾਂ ਇਹ ਸੀ ਕਿ ਕੇਵਲ ਗੁਨਾਹ ਕਰਨ ਵਾਲਿਆਂ ਨੂੰ ਹੀ ਸਜ਼ਾ ਦਿੱਤੀ ਜਾਂਦੀ ਪਰ ਸਰਕਾਰ ਨੇ 66 ਨਾਮਧਾਰੀ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਕੇ ਤੋਪਾਂ ਨਾਲ ਉਡਾ ਦਿੱਤਾ। ਉਸ ਸਮੇਂ ਦੇ ਡੀ. ਸੀ. ਲੁਧਿਆਣਾ ਐਲ. ਕਾਵਨ ਇਤਨੇ ਉਤੇਜਤ ਹੋ ਚੁੱਕੇ ਸਨ ਕਿ ਉਸਨੇ ਬਿਨਾ ਮੁਕੱਦਮਾ ਚਲਾਏ, ਬਿਨਾ ਬੇਕਸੂਰ ਤੇ ਕਸੂਰਵਾਰ ਦੀ ਪਛਾਣ ਕੀਤੇ ਸਭ ਨੂੰ ਮੌਤ ਦੀ ਸਜ਼ਾ ਦੇ ਦਿੱਤੀ। ਨਾਮਧਾਰੀ ਸਿੰਘਾਂ ਨੂੰ ਬਿਨਾਂ ਕਾਨੂੰਨੀ ਕਾਰਵਾਈ ਦੇ ਸਜ਼ਾ ਦੇਣ ਤੋਂ ਪ੍ਰਤੱਖ ਹੁੰਦਾ ਹੈ ਕਿ ਉਸ ਵੇਲੇ ਦੀ ਸਰਕਾਰ ਨਾਮਧਾਰੀ ਸਿੱਖਾਂ ਦੇ ਅੰਦੋਲਨ ਤੋਂ ਕਿੰਨੀ ਡਰੀ ਹੋਈ ਸੀ। ਤੋਪਾਂ ਨਾਲ ਉਡਾ ਕੇ ਸਜ਼ਾ ਦੇਣ ਦੀ ਮਿਸਾਲ ਪਹਿਲਾਂ ਕਿਤੇ ਨਹੀਂ ਮਿਲਦੀ। ਅਜੋਕੇ ਸਮੇਂ ਮਲੇਰਕੋਟਲੇ ਵਿਖੇ ਇਨਾਂ 66 ਨਾਮਧਾਰੀ ਸਿੰਘਾਂ ਦੀ ਯਾਦ ਵਿਚ ਸਰਕਾਰ ਵੱਲੋਂ ਇੱਕ ਵਿਸ਼ਾਲ ਸ਼ਹੀਦੀ ਸਮਾਰਕ ਉਸਾਰਿਆ ਗਿਆ ਹੈ।

### ਮਹਾਰਾਜ ਜੀ ਦੀ ਜਲਾਵਤਨੀ

ਬਾਬਾ ਰਾਮ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਕਿਰਪਾਨ ਦੀ ਥਾਂ ਉੱਨ ਦੀ ਮਾਲਾ ਦਿੱਤੀ ਤਾਂ ਜੋ ਅੱਗੇ ਕੀਤੇ ਜਾਣ ਵਾਲੇ ਰਾਜਸੀ ਵਿਦਰੋਹਾਂ ਲਈ ਤਿਆਰੀ ਹੋ ਸਕੇ। ਜਦੋਂ ਪੂਰੀ ਤਿਆਰੀ ਤੋਂ ਬਿਨਾਂ ਗੱਲ ਸ਼ੁਰੂ ਹੋ ਜਾਂਦੀ ਹੈ ਤਾਂ ਉਸਦਾ ਨਤੀਜਾ ਚੰਗਾ ਨਹੀਂ ਨਿਕਲਦਾ। ਇਸੇ ਤਰ੍ਹਾਂ ਹੀ ਨਾਮਧਾਰੀ ਲਹਿਰ ਨਾਲ ਹੋਇਆ। ਕੁਝ ਨਾਮਧਾਰੀ ਸਿੱਖਾਂ ਵਲੋਂ ਕਾਹਲੀ ਵਿਚ ਚੁੱਕੇ ਗਏ ਕਦਮਾਂ ਨਾਲ ਸਰਕਾਰ ਨੂੰ ਇਸ ਲਹਿਰ ਵਿਰੁੱਧ ਆਪਣੀ ਸ਼ਕਤੀ ਵਰਤਣ ਦਾ ਬਹਾਨਾ ਮਿਲ ਗਿਆ। ਫਲਸਰੂਪ ਸਰਕਾਰ ਨੇ ਨਾਮਧਾਰੀ ਲਹਿਰ ਨੂੰ ਦਬਾਉਣ ਲਈ ਹਰ ਪ੍ਰਕਾਰ ਦੀ ਸ਼ਕਤੀ ਦੀ ਵਰਤੋਂ ਕੀਤੀ। ਮਹਾਰਾਜ ਰਾਮ ਸਿੰਘ, ਜਿਨ੍ਹਾਂ ਦਾ ਬੁੱਚੜਾਂ ਨੂੰ ਕਤਲ ਕਰਨ ਆਦਿ ਜਿਹੀਆਂ ਘਟਨਾਵਾਂ 'ਚ ਹੱਥ ਨਹੀਂ ਸੀ, ਨੂੰ ! ਵੀ ਬੰਦੀ ਬਣਾ ਲਿਆ ਗਿਆ। ਸੰਨ 1872 ਵਿਚ ਬਾਬਾ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਕੇ ਰੰਗੂਨ ਭੇਜ ਦਿੱਤਾ। ਬਾਬਾ ਰਾਮ ਸਿੰਘ ਜੀ ਦੇ ਜਾਣ ਉਪਰੰਤ ਵੀ ਨਾਮਧਾਰੀਆਂ ਨੇ ਅੰਗਰੇਜੀ ਰਾਜ ਦਾ ਪੂਰਨ ਤੌਰ 'ਤੇ ਬਾਈਕਾਟ ਕਰਕੇ ਸਤਿਆਗ੍ਰਹਿ ਜਾਰੀ ਰੱਖਿਆ। ਮਗਰੋਂ ਮਹਾਤਮਾਂ ਗਾਂਧੀ ਨੇ ਨਾ-ਮਿਲਵਰਤਣ ਲਹਿਰ ਚਲਾ ਕੇ ਇਸ ਨੂੰ ਸਾਰੇ ਭਾਰਤ-ਵਰਸ਼ ਵਿਚ ਫੈਲਾਅ ਦਿੱਤਾ।

### ਮਹਾਰਾਜ ਰਾਮ ਸਿੰਘ ਜੀ ਦੀ ਜਲਾਵਤਨੀ ਉਪਰੰਤ ਨਾਮਧਾਰੀ ਲਹਿਰ

ਮਹਾਰਾਜ ਰਾਮ ਸਿੰਘ ਜੀ ਦੀ ਜਲਾਵਤਨੀ ਪਿੱਛੋਂ ਉਨ੍ਹਾਂ ਦੇ ਛੋਟੇ ਭਾਈ ਬਾਬਾ ਬੁੱਧ ਸਿੰਘ (ਜਿਨ੍ਹਾਂ ਦਾ ਨਾਂ ਮਗਰੋਂ ਬਾਬਾ ਹਰੀ ਸਿੰਘ ਕਰਕੇ ਪ੍ਰਸਿੱਧ ਹੋਇਆ) ਨੇ ਬੜੀ ਯੋਗਤਾ ਨਾਲ ਨਾਮਧਾਰੀ ਲਹਿਰ ਦੀ ਅਗਵਾਈ ਕੀਤੀ। ਸਰਕਾਰ ਨੇ ਵੀ ਨਾਮਧਾਰੀ ਸਿੱਖਾਂ ਪ੍ਰਤੀ ਸਖ਼ਤੀ ਜਾਰੀ ਰੱਖੀ। ਸ੍ਰੀ ਭੈਣੀ ਸਾਹਿਬ ਵਿਖੇ ਪੁਲਿਸ ਦੀ ਪੱਕੀ ਚੌਂਕੀ ਬਿਠਾ ਦਿੱਤੀ ਗਈ ਸੀ ਜੋ 1923 ਤੱਕ ਜਾਰੀ ਰਹੀ। ਪੁਲਿਸ ਚੌਂਕੀ ਵਾਲੇ ਪੰਜ ਸਿੰਘਾਂ ਤੋਂ ਵੱਧ ਕਿਸੇ ਨੂੰ ਵੀ ਅੰਦਰ ਨਹੀਂ ਜਾਣ ਦਿੰਦੇ ਸਨ। ਬਾਬਾ ਹਰੀ ਸਿੰਘ ਜੀ ਤੋਂ ਮਗਰੋਂ ਉਨ੍ਹਾਂ ਦੇ ਸਪੁੱਤਰ ਮਹਾਰਾਜ ਪ੍ਰਤਾਪ ਸਿੰਘ ਜੀ ਨਾਮਧਾਰੀ ਲਹਿਰ ਦੇ ਮੁਖੀ ਬਣੇ। ਮਹਾਰਾਜ ਪ੍ਰਤਾਪ ਸਿੰਘ ਬੜੇ ਮਿਲਾਪੜੀ ਸ਼ਖ਼ਸੀਅਤ ਦੇ ਮਾਲਕ ਸਨ। ਇਨ੍ਹਾਂ ਦੇ ਸਮੇਂ ਨਾਮਧਾਰੀ ਲਹਿਰ ਨੇ ਸਿਖਰਾਂ ਛੋਹੀਆਂ।

ਬਾਬਾ ਪ੍ਰਤਾਪ ਸਿੰਘ ਜੀ ਨਾਲ ਸਾਡਾ ਪਹਿਲੀ ਵਾਰੀ ਮੇਲ ਬਚਪਨ ਸਮੇਂ ਹੋਇਆ। ਰਾਵਲਪਿੰਡੀ ਨਿਵਾਸੀ

ਸ.ਆਤਮਾ ਸਿੰਘ ਨਾਮਧਾਰੀ ਨੇ ਇਕ ਖੁਲ੍ਹੇ ਮੈਦਾਨ 'ਚ ਹੋਲੇ ਦਾ ਦੀਵਾਨ ਕਰਵਾਇਆ ਜਿੱਥੇ ਬਾਬਾ ਪ੍ਰਤਾਪ ਸਿੰਘ ਜੀ ਪਧਾਰੇ ਹੋਏ ਸਨ। ਮੈਂ ਤੇ ਮੇਰੇ ਭਰਾਤਾ ਬਾਬਾ ਗੁਰਬਖਸ਼ ਸਿੰਘ ਦੀਵਾਨ ਦੇਖਣ ਲਈ ਗਏ। ਇਕ ਵਿਸ਼ਾਲ ਘੇਰੇ 'ਚ ਸੰਗਤਾਂ ਬੈਠੀਆਂ ਹੋਈਆਂ ਸਨ। ਰਾਗਾਂ ਵਿਚ ਸ਼ਬਦ ਕੀਰਤਨ ਹੋ ਰਿਹਾ ਸੀ। ਵਿਚਕਾਰ ਦੋ ਕੂਕੇ ਨੱਚਦੇ ਹੋਏ ਉੱਚੀ ਉੱਚੀ ਕੂਕਾਂ ਮਾਰ ਰਹੇ ਸਨ। ਵਧੇਰੇ ਜੋਸ਼ ਕਾਰਨ ਉਨ੍ਹਾਂ ਦੀਆਂ ਪੱਗਾਂ ਉੱਤਰ ਗਈਆਂ ਤੇ ਕੇਸ ਖੁਲ੍ਹ ਗਏ। ਇਵੇਂ ਜਾਪਦਾ ਸੀ ਜਿਵੇਂ ਬੀਨ ਦੀ ਆਵਾਜ਼ ਅੱਗੇ ਸੱਪ ਮਸਤ ਹੋ ਕੇ ਝੂਮਦਾ ਹੈ। ਅਸੀਂ ਪਿੱਛੇ ਖੜੇ ਕੇ ਅਲੌਕਿਕ ਦਿਵਾਨ ਦਾ ਆਨੰਦ ਮਾਣ ਰਹੇ ਸਾਂ। ਕਿਸੇ ਨੇ ਬਾਬਾ ਪ੍ਰਤਾਪ ਸਿੰਘ ਜੀ ਨੂੰ ਜਾ ਕੇ ਦੱਸਿਆ ਕਿ ਸਾਹਿਬ ਗੁਰਦਿੱਤ ਸਿੰਘ ਜੀ ਨਿਰੰਕਾਰੀ ਦੇ ਪੋਤੇ ਬਾਹਰ ਖੜ੍ਹੇ ਹਨ। ਆਪ ਨੇ ਅਸਾਨੂੰ ਦੋਵਾਂ ਭਰਾਵਾਂ ਨੂੰ ਸੱਦ ਕੇ ਆਪਣੇ ਨੇੜੇ ਸਤਿਕਾਰ ਸਹਿਤ ਬਿਠਾਇਆ। ਇਸ ਦਾ ਸਾਡੇ ਮਨ ਉੱਤੇ ਸਦੀਵੀ ਪ੍ਰਭਾਵ ਪਿਆ। ਆਪ ਦੋ ਵਾਰੀ ਸਾਹਿਬ ਬਾਬਾ ਗੁਰਦਿੱਤ ਸਿੰਘ ਨਿਰੰਕਾਰੀ ਜੀ ਨੂੰ ਮਿਲਣ ਲਈ ਨਿਰੰਕਾਰੀ ਦਰਬਾਰ ਰਾਵਲਪਿੰਡੀ ਵਿਖੇ ਪਧਾਰੇ ਤੇ ਵਿਚਾਰ-ਵਟਾਂਦਰਾ ਕੀਤਾ।- 1942 ਵਿਚ ਮੈਂ ਵਲਾਇਤ ਤੋਂ ਉੱਚੀ ਵਿੱਦਿਆ ਪ੍ਰਾਪਤ ਕਰਕੇ ਵਾਪਸ ਵਤਨ ਪਰਤਿਆ। ਆਪ ਅਸ਼ੀਰਵਾਦ ਦੇਣ ਲਈ ਉਚੇਚੇ ਰਾਵਲਪਿੰਡੀ ਪਧਾਰੇ। ਆਪ ਨੇ ਮੇਰੇ ਕੋਲੋਂ ਚੱਲ ਰਹੀ ਲੜਾਈ ਬਾਰੇ ਜਾਣਕਾਰੀ ਲਈ। ਆਪ ਨੇ ਸਮੂਹ ਸਿੱਖ ਸੰਸਥਾਵਾਂ ਦੇ ਮੋਢੀਆਂ ਨੂੰ-1934 ਈ. ਵਿੱਚ ਭੈਣੀ ਸਾਹਿਬ ਵਿਖੇ ਆਉਣ ਦਾ ਸੱਦਾ ਦਿੱਤਾ ਜਿੱਥੇ ਬਹੁਤ ਵੱਡਾ ਇਕੱਠ ਹੋਇਆ। ਇਸ ਇਕੱਠ ਵਿਚ ਮਾਸਟਰ ਤਾਰਾ ਸਿੰਘ, ਗਿਆਨੀ ਸ਼ੇਰ ਸਿੰਘ, ਭਾਈ ਸਾਹਿਬ ਬਾਗੜੀਆਂ ਅਤੇ ਹੋਰ ਸੰਤ ਸਮਾਜ ਦੇ ਪਤਵੰਤੇ ਹਾਜ਼ਰ ਹੋਏ। ਸਾਨੂੰ ਵੀ ਸੱਦਾ ਦਿੱਤਾ ਗਿਆ ਪਰ ਅਸੀਂ ਕਿਸੇ ਕਾਰਨ ਪੁੱਜ ਨਾ ਸਕੇ। ਇਹ ਆਪ ਦਾ ਸਿੱਖ ਪੰਥ 'ਚ ਏਕਤਾ ਤੇ ਨੇੜਤਾ ਲਿਆਉਣ ਦਾ ਵਿਸ਼ੇਸ਼ ਉਪਰਾਲਾ ਸੀ। (ਇਹ ਲੇਖ ਸਤਿਗੁਰੂ ਜਗਜੀਤ ਸਿੰਘ ਦੇ ਸਮੇਂ ਲਿਖਿਆ ਹੋਇਆ ਹੈ।)

### ਅਜੋਕੇ ਸਮੇਂ ਦੇ ਮਹਾਰਾਜ

ਅਜੋਕੇ ਸਮੇਂ ਇਸ ਲਹਿਰ ਦੇ ਮੋਢੀ ਬਾਬਾ ਜਗਜੀਤ ਸਿੰਘ ਜੀ ਹਨ। ਇਨ੍ਹਾਂ ਦੇ ਭੇਜੇ ਇਹਨਾਂ ਦੇ ਛੋਟੇ ਭਰਾ ਬਾਬਾ ਬੀਰ ਸਿੰਘ ਜੀ ਸਾਡੇ ਗ੍ਰਹਿ ਅੰਮ੍ਰਿਤਸਰ ਵਿਖੇ ਆਏ ਸਨ। ਇਨ੍ਹਾਂ ਦੇ ਸਮੇਂ ਭੈਣੀ ਸਾਹਿਬ ਦੀ ਵਿਸ਼ੇਸ਼ ਪ੍ਰਗਤੀ ਹੋਈ ਹੈ। ਪਹਿਲਾਂ ਇੱਥੋਂ ਦੀਆਂ ਇਮਾਰਤਾਂ ਪੁਰਾਤਨ ਢੰਗ ਦੀਆਂ ਸਨ। ਅਜੋਕੇ ਸਮੇਂ ਆਧੁਨਿਕ ਢੰਗ ਦੀ ਉਸਾਰੀ ਕੀਤੀ ਗਈ ਹੈ। ਇਥੇ ਇਕ ਸੁੰਦਰ ਸਰੋਵਰ ਦਾ ਵੀ ਨਿਰਮਾਣ ਕੀਤਾ ਗਿਆ ਹੈ। ਲੁਧਿਆਣੇ ਵਿਖੇ ਇਕ ਮਾਡਰਨ ਹਸਪਤਾਲ "ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ' ਵੀ ਸਥਾਪਤ ਕੀਤਾ ਗਿਆ ਹੈ। ਬੰਗਲੌਰ ਵਿਚ ਨਾਮਧਾਰੀ ਸੀਡਜ਼ ਫਾਰਮ ਬਣਾਇਆ ਗਿਆ ਹੈ ਜਿਥੇ ਹਰ ਬੀਜ ਤਿਆਰ ਕੀਤੇ ਜਾਂਦੇ ਹਨ।

### ਸ੍ਰੀ ਅੰਮ੍ਰਿਤਸਰ ਵਿਖੇ ਨਾਮਧਾਰੀ ਯਾਦਗਰ

ਸ੍ਰੀ ਅੰਮ੍ਰਿਤਸਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ ਦੀ ਥਾਂ ਉਤੇ ਸ਼ਹੀਦਾਂ ਦੀ ਯਾਦ ਵਿਚ ਹਰ ਵਰ੍ਹੇ ਦਿਵਾਨ ਸੱਜਦਾ ਸੀ। ਮੈਂ ਉਸ ਸਮੇਂ ਗੁਰੂ ਤੇਗ ਬਹਾਦਰ ਹਸਪਤਾਲ ਦਾ ਮੈਡੀਕਲ ਸੁਪਰਡੰਟ ਸਾਂ ਜਿਸ ਕਾਰਨ ਪਹਿਲਾਂ ਇਤਲਾਹ ਦਿੱਤੀ ਜਾਂਦੀ ਸੀ ਤੇ ਦੀਵਾਨ ਵਾਲੀ ਥਾਂ ਦੀ ਸਾਫ਼-ਸਫਾਈ ਕਰਵਾ ਦਿੱਤੀ ਜਾਂਦੀ ਸੀ। ਸਾਡੇ ਮਨ ਵਿਚ ਇਹ ਜਗ੍ਹਾ ਨਾਮਧਾਰੀਆਂ ਨੂੰ ਦਿਵਾਉਣ ਦਾ ਵਿਚਾਰ ਆਇਆ ਤਾਂ ਜੋ ਢੁੱਕਵੀਂ ਯਾਦਗਾਰ ਸਥਾਪਤ ਕੀਤੀ ਜਾ ਸਕੇ। ਨਾਮਧਾਰੀ ਆਗੂਆਂ ਨੂੰ ਦਫ਼ਤਰ ਬੁਲਾ ਕੇ ਆਪਣੇ ਵਿਚਾਰਾਂ ਤੋਂ ਜਾਣੂ ਕਰਵਾਇਆ। ਹਸਪਤਾਲ ਦੇ ਦਫ਼ਤਰੋਂ ਅਰਜ਼ੀ ਟਾਈਪ ਕਰਵਾ ਕੇ ਨਾਮਧਾਰੀ ਸੰਪ੍ਰਦਾਇ ਨੂੰ ਇਹ ਜਗ੍ਹਾ ਦੇਣ ਦੀ ਸਿਫਾਰਸ਼ ਪਾ ਕੇ ਅਰਜ਼ੀ ਸਰਕਾਰ ਵੱਲ ਭੇਜੀ ਗਈ। ਜ਼ਮੀਨ ਇਨ੍ਹਾਂ ਨੂੰ ਮਿਲ ਗਈ, ਜਿੱਥੇ ਇਨ੍ਹਾਂ ਨੇ ਆਪਣਾ ਅਸਥਾਨ ਕਾਇਮ ਕੀਤਾ। ਮੇਰਾ ਸੰਬੰਧ ਨਾਮਧਾਰੀਆਂ ਦੇ ਮਹਾਨ ਆਗੂ ਸੰਤ ਇੰਦਰ ਸਿੰਘ ਚੱਕਰਵਰਤੀ ਨਾਲ ਵੀ ਰਿਹਾ ਹੈ। ਉਹ ਕੁਝ ਸਮਾਂ ਬੀਮਾਰ ਰਹੇ ਤੇ ਹਸਪਤਾਲ ਵਿਚ ਉਨ੍ਹਾਂ ਨੂੰ ਯੋਗ ਥਾਂ ਦੇ ਕੇ ਉਨ੍ਹਾਂ ਦੀ ਸੇਵਾ-ਸੰਭਾਲ ਕੀਤੀ। ਉਨ੍ਹਾਂ ਮੈਨੂੰ ਆਪਣੇ ਮਹਾਂ-ਕਾਵਿ ਦੀ ਪੁਸਤਕ 'ਮਾਲਵਿੰਦਰ' ਭੇਂਟ ਕੀਤੀ ਸੀ। ਇਸ ਵਿਚ ਨਾਮਧਾਰੀ ਲਹਿਰ ਦੀ ਪੂਰੀ ਗਾਥਾ ਕਵਿਤਾ ਵਿਚ ਦਰਜ ਹੈ। ਇਸ ਪੁਸਤਕ ਵਿਚੋਂ ਮੈਨੂੰ ਕਈ ਨਵੀਆਂ ਗੱਲਾਂ ਦਾ ਗਿਆਨ ਪ੍ਰਾਪਤ ਹੋਇਆ। 1994 ਵਿਚ ਨਾਮਧਾਰੀ ਸਿੱਖਾਂ ਵੱਲੋਂ 'ਸਰਬ ਸੰਸਾਰ ਪੰਜਾਬੀ ਕਾਨਫਰੰਸ' ਦਿੱਲੀ ਵਿਖੇ ਆਯੋਜਤ ਕੀਤੀ ਗਈ। ਇਸ ਵਿਚ ਮਹਾਰਾਜ ਜਗਜੀਤ ਸਿੰਘ ਜੀ, ਸ.ਹਰਵਿੰਦਰ ਸਿੰਘ ਹੰਸਪਾਲ, ਗਿਆਨੀ ਜ਼ੈਲ ਸਿੰਘ ਅਤੇ ਸ. ਸਵਰਨ ਸਿੰਘ ਆਦਿ ਵੀ ਹਾਜ਼ਰ ਸਨ। ਕਾਨਫਰੰਸ ਵਲੋਂ ਚੋਣਵੇਂ" ਪੰਜਾਬੀਆਂ ਨੂੰ ਸਨਮਾਨਤ ਕੀਤਾ ਗਿਆ, ਜਿਨ੍ਹਾਂ ਵਿਚ ਮੇਰਾ ਨਾਂ ਵੀ ਸ਼ਾਮਲ ਸੀ। ਉਪਰੋਕਤ ਚੰਦ ਸਤਰਾਂ ਸੰਨ 1857 ਵਿਚ ਮਹਾਰਾਜ ਰਾਮ ਸਿੰਘ ਜੀ ਵਲੋਂ ਵਿਦੇਸ਼ੀ ਹਕੂਮਤ ਵਿਰੁੱਧ ਆਰੰਭੇ ਸੁਤੰਤਰਤਾ ਸੰਗਰਾਮ ਦੇ 150 ਵਰ੍ਹੇ ਪੂਰੇ ਹੋਣ ਨੂੰ ਸਮਰਪਿਤ ਹਨ।

-------------

# ਗੁਰੂ ਕਰਤਾ ਹਰਿ ਰਾਇ

-ਨਿਸ਼ਾਨ ਸਿੰਘ ਕਥਾਵਾਚਕ

ਸ੍ਰੀ ਗੁਰੂ ਨਾਨਕ-ਰਾਜ ਦੇ ਸੱਤਵੇਂ ਜਾਂ-ਨਸ਼ੀਨ ਸ੍ਰੀ ਸਤਿਗੁਰੂ ਹਰਿ ਰਾਏ ਸਾਹਿਬ ਜੀ ਬਾਰੇ ਭਾਈ ਨੰਦ ਲਾਲ ਜੀ ਲਿਖਦੇ ਹਨ:-

ਹਕ ਪਰਵਰ ਹਰ ਕੇਸ਼, ਗੁਰੂ ਕਰਤਾ ਹਰਿ ਰਾਇ॥
ਸੁਲਤਾਨ ਹਮ ਦਰਵੇਸ਼, ਗੁਰੂ ਕਰਤਾ ਹਰਿ ਰਾਇ॥
ਫ਼ਯਾਜੁਲ ਦਾਰੈਨ, ਗੁਰੂ ਕਰਤਾ ਹਰਿ ਰਾਇ॥
ਸਰਵਰਿ ਕੌਨੈਨ ਗੁਰੂ ਕਰਤਾ ਹਰਿ ਰਾਇ॥

**ਭਾਵ:-** ਕਰਤਾ ਪੁਰਖ ਸਰੂਪ ਗੁਰੂ ਹਰਿ ਰਾਇ ਸਾਹਿਬ ਜੀ ਸੱਚ ਦੇ ਪਾਲਣਹਾਰੇ ਵੀ ਹਨ ਅਤੇ ਸੱਚ ਦੇ ਧਾਰਨ ਕਰਨ ਵਾਲੇ ਹਨ। ਆਪ ਜੀ ਸੁਲਤਾਨ ਵੀ ਹਨ ਅਤੇ ਦਰਵੇਸ਼ ਵੀ ਹਨ। ਆਪ ਜੀ ਦੋਹਾਂ ਜਹਾਨਾਂ 'ਤੇ ਬਖਸ਼ਿਸ਼ ਕਰਨ ਵਾਲੇ, ਲੋਕ ਪ੍ਰਲੋਕ ਦੇ ਸਰਦਾਰ ਹਨ।

ਭਾਈ ਗੁਰਦਾਸ ਦੂਜੇ, ਜਿਨ੍ਹਾਂ ਨੂੰ ਬਹਿਲੋ ਕੇ ਗੁਰਦਾਸ ਵੀ ਕਿਹਾ ਜਾਂਦਾ ਹੈ, ਉਹ ਸੱਤਵੇਂ ਮਹੱਲੇ ਦੀ ਮਹਿਮਾ ਦਾ ਵਰਨਣ ਕਰਦੇ ਹੋਏ ਲਿਖਦੇ ਹਨ ਕਿ ਅਗਮ ਰੂਪ ਸਤਿਗੁਰੂ ਹਰਿ ਰਾਏ ਜੀ ਸਦਾ ਅਫੁਰ ਸਮਾਧੀ ਵਿੱਚ ਲੀਨ ਰਹਿੰਦੇ ਸਨ। ਉਨ੍ਹਾਂ ਦੀ ਸੁਰਤਿ ਸਦਾ ਦਸਮ ਦੁਆਰ ਵਿੱਚ ਟਿਕੀ ਰਹਿੰਦੀ। ਅਨੰਤ ਸ਼ਕਤੀਆਂ ਦੇ ਮਾਲਿਕ ਹੁੰਦਿਆਂ ਵੀ ਕਦੇ ਆਪਣਾ ਆਪ ਨਾ ਜਣਾਉਂਦੇ। ਭਾਈ ਜੀ ਦੇ ਸ਼ਬਦ ਹਨ:

ਸ਼ਪਤਮ ਮਹਲ ਅਗਮ ਹਰਿ ਰਾਇਆ॥
ਜਿਨ ਸੁੰਨ ਧਿਆਨ ਕਰਿ ਜੋਗ ਕਮਾਇਆ॥
ਚੜ੍ਹਿ ਗਗਨ ਗੁਫਾ ਮਹਿ ਰਹਿਓ ਸਮਾਈ॥
ਜਹ ਬੈਠਿ ਅਡੋਲ ਸਮਾਧਿ ਲਗਾਈ॥
ਸਭ ਕਲਾ ਖੈਂਚ ਕਰਿ ਗੁਪਤ ਰਹਾਯੰ॥
ਤਹ ਅਪਨ ਰੂਪ ਕੋ ਨਹਿ ਦਿਖਲਾਯੰ॥

**ਪਵਿਤ੍ਰ ਆਗਮਨ:-** ਆਪ ਜੀ ਦਾ ਪਾਵਨ-ਆਗਮਨ ਮਾਘ ਸੁਦੀ 13, 20 ਮਾਘ 1986 ਬਿਕ੍ਰਮੀ ਮੁਤਾਬਿਕ 26 ਜਨਵਰੀ 1630 ਈ: ਨੂੰ ਐਤਵਾਰ ਦੇ ਦਿਨ ਕੀਰਤਪੁਰ ਸਾਹਿਬ ਵਿਖੇ ਹੋਇਆ। ਆਪ ਜੀ ਦੇ ਸਤਿਕਾਰਯੋਗ ਪਿਤਾ ਬਾਬਾ ਗੁਰਦਿੱਤਾ ਜੀ, ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੇਠੇ ਸਪੁੱਤਰ ਸਨ। ਬਾਬਾ ਧੀਰਮੱਲ ਜੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਵੱਡੇ ਭਰਾਤਾ ਸਨ। ਗੁਰ ਇਤਿਹਾਸ ਵਿੱਚ ਦਰਜ਼ ਹੈ ਕਿ ਗੁਰੂ ਹਰਿਗੋਬਿੰਦ ਜੀ ਨੇ ਧੀਰਮੱਲ ਨੂੰ ਪਹਿਲੀ ਦ੍ਰਿਸ਼ਟੀ ਨਾਲ ਤੱਕਦਿਆਂ ਹੀ ਬਚਨ ਕੀਤਾ ਸੀ, "ਪ੍ਰਿਥੀ ਚੰਦ ਬਪੁ ਦੂਤੀ ਧਰਾਏ।" ਇਹ ਵੀ ਲਿਖਿਆ ਮਿਲਦਾ ਹੈ ਕਿ ਸਾਹਿਬ ਫੁਰਮਾਉਣ ਲੱਗੇ, "ਤਾਇਆ ਜੀ ਫੇਰ ਜਨਮ ਧਾਰ ਕੇ ਆ ਗਏ ਹਨ।" ਬਾਬਾ ਬੁੱਢਾ ਜੀ ਬਾਲ ਧੀਰਮੱਲ ਦੀ ਚੰਚਲਤਾਈ ਵੇਖ ਕੇ ਆਖਿਆ ਸੀ- 'ਕਪਟ ਧਰ ਰੂਪ' ਹੈ। ਏਸੇ ਲਈ ਧੀਰਮੱਲ ਕਦੇ ਵੀ ਗੁਰੂ-ਘਰ ਨਾਲ ਰਲ ਕੇ ਨਹੀਂ ਚੱਲਿਆ। ਬੰਸਾਵਲੀ ਨਾਮੇ ਦੇ ਬੋਲ ਹਨ:-

ਗੁਰੂ ਹਰਿ ਰਾਇ ਜੀ ਦੇ ਪ੍ਰਕਾਸ਼ ਬਾਅਦ, ਭਾਵੇਂ ਦੋਵੇਂ ਇਕੱਠੇ ਪਲਦੇ ਤੇ ਖੇਡਦੇ ਰਹੇ, ਪਰ ਧੀਰਮੱਲ ਨੇ ਵੈਰ ਬਣਾਈ ਰੱਖਿਆ।

ਖੇਡਣ ਹਸਨਿ ਰਲੇ ਮਿਲੇ, ਪਰ ਇਕ ਨ ਹੋਇ।

ਜਦ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਅੰਮ੍ਰਿਤਸਰ ਵਿਖੇ ਇਹ ਖਬਰ ਮਿਲੀ ਕਿ ਬਾਬਾ ਗੁਰਦਿੱਤਾ ਜੀ ਦੇ ਘਰ ਦੂਜੇ ਪੁੱਤਰ ਨੇ ਜਨਮ ਲਿਆ ਹੈ ਤਾਂ ਆਪ ਜੀ ਸਹਿਜ ਸੁਭਾਉ ਬਚਨ ਕੀਤਾ, "ਵੱਡੀ ਚੀਜ਼ ਦਾ ਗਾਹਕ ਆਇਆ ਹੈ।"

**ਗੁਰਗੱਦੀ ਨਸ਼ੀਨੀ :-** ਗੁਰੂ ਹਰਿਰਾਇ ਸਾਹਿਬ ਜੀ ਦਾ ਪਾਲਣ ਪੋਸ਼ਣ ਛੇਵੇਂ ਸਤਿਗੁਰੂ ਜੀ ਨੇ ਆਪਣੀ ਨਿੱਜੀ ਦੇਖ-ਰੇਖ ਹੇਠ ਕੀਤਾ। ਆਪ ਜੀ ਦੀ ਬਾਲ ਲੀਲਾ ਨੂੰ ਵੇਖ ਕੇ ਮੀਰੀ ਪੀਰੀ ਦੇ ਮਾਲਿਕ ਅਤਿਅੰਤ ਖੁਸ਼ੀਆਂ ਬਖਸ਼ਦੇ। ਆਪ ਦੀ ਭੈ-ਭਾਵਨੀ ਅਤੇ ਪ੍ਰੇਮ ਵੈਰਾਗ ਨੇ ਦਾਦਾ ਗੁਰੂ ਜੀ ਦੇ ਮਨ ਨੂੰ ਜਿੱਤ ਲਿਆ ਸੀ। ਆਪ ਸਦਾ ਰਜ਼ਾ ਵਿੱਚ ਖੁਸ਼ ਰਹਿੰਦੇ। ਜਦੋਂ ਗੂੜ੍ਹ ਗਿਆਨ ਦਾ ਕੋਈ ਬਚਨ ਕਰਦੇ ਤਾਂ ਸਭ ਪਾਸੇ ਆਪ-ਮੁਹਾਰਾ ਰਸ ਪੈਦਾ ਹੋ ਜਾਂਦਾ। ਚਿੱਤ ਦਾ ਟਿਕਾਊ ਅਤੇ ਮੁਖੜੇ ਦੀ ਨੂਰਾਨੀ ਸ਼ਾਂਤੀ ਹਰ ਇਕ ਨੂੰ ਪ੍ਰਭਾਵਿਤ ਕਰਦੀ। 'ਅਲਪ ਉਮਰ ਮੈ ਬਡਿ ਮਤਿ ਪਾਈ' ਦਾ ਬਚਨ ਆਪ ਜੀ ਦੀ ਜੀਵਨ-ਚਰਯਾ ਨੂੰ ਪੂਰਨ ਰੂਪ ਵਿੱਚ ਪ੍ਰਭਾਸ਼ਿਤ ਕਰਦਾ ਹੈ। ਜਿਥੇ ਸਤਿਗੁਰੂ ਜੀ ਆਪਣੇ ਪਿਆਰੇ ਪੋਤੇ ਨੂੰ ਸਦਾ ਅੰਗ-ਸੰਗ ਰੱਖ ਕੇ ਭਵਿੱਖ ਦੀ ਕਾਰ ਲਈ ਤਿਆਰ ਕਰ ਰਹੇ ਸਨ।-ਉੱਥੇ ਹਰਿ ਰਾਏ ਜੀ ਵੀ ਸਦਾ ਨੀਵੀਂ ਨਜ਼ਰ ਰੱਖਦੇ ਅਤੇ ਧਿਆਨ ਹਮੇਸ਼ਾਂ ਸਤਿਗੁਰੂ ਜੀ ਦੇ ਮੁਬਾਰਕ ਚਰਨਾਂ ਵੱਲ ਹੀ ਰਹਿੰਦਾ। ਪਰ ਦੂਜੇ ਪਾਸੇ

ਧੀਰਮੱਲ ਸੀ ਜੋ ਸਦਾ ਈਰਖਾ ਦੀ ਅੱਗ ਵਿੱਚ ਸੜਦਾ ਰਹਿੰਦਾ।

ਆਪ ਹੀ ਪੜਾਉਂਦੇ ਲਿਖਾਉਂਦੇ, ਸਸ਼ਤ੍ਰ ਵਿੱਦਿਆ ਅਤੇ ਘੋੜ ਸਵਾਰੀ ਸਿਖਾਲਦੇ। ਕੀਰਤਨ ਅਤੇ ਵਾਰਾਂ ਦੇ ਗਾਇਨ ਵੇਲੇ ਵੀ ਕੋਲ ਬਿਠਾਉਂਦੇ। ਇਤਿਹਾਸ ਵਿੱਚ ਲਿਖਿਆ ਮਿਲਦਾ ਹੈ ਕਿ:-

ਜਬ ਗੁਰ ਬੈਠ ਦੀਵਾਨ ਮੈਂ ਭਾਖਤ ਕਥਾ ਵੈਰਾਗ॥
ਸਦਾ ਸੰਗ ਰਾਖੈ ਪ੍ਰਭੂ ਹਰਿ ਰਾਇ ਬਡ ਭਾਗ॥

ਉਹ ਇਥੋਂ ਤੱਕ ਦੂਰ ਜਾ ਚੁੱਕਾ ਸੀ ਕਿ ਆਪਣੇ ਪਿਤਾ ਬਾਬਾ ਗੁਰਦਿੱਤਾ ਜੀ ਦੇ ਅਕਾਲ ਚਲਾਣੇ ਬਾਅਦ ਰਸਮਾਂ ਵਿੱਚ ਵੀ ਸ਼ਾਮਿਲ ਨਾ ਹੋਇਆ, ਸਗੋਂ ਉਲਟਾ ਸਾਜਿਸ਼ਾਂ ਰਚਣ ਵਿੱਚ ਰੁੱਝ ਗਿਆ। ਇਹ ਸਭ ਕੁਝ ਵੇਖਦੇ ਹੋਏ ਗੁਰੂ ਜੀ ਨੇ ਧੀਰਮੱਲ ਪ੍ਰਤੀ ਸੁਨੇਹਾ ਭੇਜਿਆ ਕਿ:-

ਇਹ ਸੇਵਕ ਕੀ ਚੀਜ਼ ਹੈ, ਕੋਈ ਨ ਈਰਖ ਪਾਇ।
ਕਰਿ ਸੇਵਾ ਸੋਈ ਲਹੈ, ਸ੍ਰੀ ਗੁਰ ਹਰਖ ਧਰਾਇ।

ਹੁਣ ਗੁਰੂ ਜੀ ਨੇ ਆਪਣਾ ਮਾਨਵੀ ਚੋਲਾ ਬਦਲਣ ਦਾ ਮਨ ਬਣਾ ਲਿਆ ਸੀ। ਹੋਲੀ ਦੇ ਦਿਨਾਂ ਦੌਰਾਨ ਗੁਰੂ ਜੀ ਨੇ ਸੰਗਤਾਂ ਨੂੰ ਉਚੇਚੇ ਤੌਰ 'ਤੇ ਬੁਲਾਇਆ। ਇੱਕ ਦਿਨ ਗੁਰੂ ਜੀ ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਆਪਣੇ ਤਖ਼ਤ ਤੋਂ ਉੱਠੇ ਅਤੇ ਆਪਣੇ ਥਾਂ ਤੇ ਆਪਣੇ ਪਿਆਰੇ ਪੋਤਰੇ ਹਰਿ ਰਾਏ ਜੀ ਨੂੰ ਬਿਠਾ ਕੇ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ ਮੱਥਾ ਟੇਕ ਦਿੱਤਾ। ਪ੍ਰਕਰਮਾ ਕਰ ਚੁੱਕਣ ਤੋਂ ਬਾਅਦ ਭਾਈ ਭਾਨਾ ਜੀ ਨੂੰ ਕੇਸਰ ਦਾ ਤਿਲਕ ਲਾਉਣ ਦਾ ਹੁਕਮ ਦਿੱਤਾ। ਭਾਈ ਭਾਨਾ ਜੀ ਨੇ ਨਵੇਂ ਸਤਿਗੁਰੂ ਨੂੰ ਤਿਲਕ ਦੀ ਰਸਮ ਅਦਾ ਕੀਤੀ। ਛੇਵੇਂ ਗੁਰੂ ਜੀ ਨੇ ਸਭ ਸੰਗਤਾਂ ਨੂੰ ਸੁਣਾ ਕੇ ਹੁਕਮ ਕੀਤਾ ਕਿ- 'ਇਨਕੋ ਮਮ ਸਮ ਜਾਨਯੋ।' ਸਾਰੀ ਸੰਗਤ ਨੇ ਹੁਕਮ ਅਨੁਸਾਰ ਗੁਰੂ ਹਰਿ ਰਾਏ ਜੀ ਨੂੰ ਮੱਥਾ ਟੇਕਿਆ। ਯਾਦ ਰਹੇ ਕਿ ਨਮਸਕਾਰ ਕਰਨ ਵਾਲੀ ਸੰਗਤ ਵਿੱਚ ਗੁਰੂ ਜੀ ਦੇ ਸਾਹਿਬਜ਼ਾਦੇ ਬਾਬਾ ਅਣੀ ਰਾਏ, ਬਾਬਾ ਸੂਰਜ ਮੱਲ ਜੀ ਅਤੇ (ਗੁਰੂ) ਤੇਗ ਬਹਾਦਰ ਵੀ ਸ਼ਾਮਿਲ ਸਨ। ਇਸ ਘਟਨਾ ਤੋਂ ਕਰੀਬ ਇੱਕ ਹਫ਼ਤਾ ਬਾਅਦ ਗੁਰੂ ਹਰਗੋਬਿੰਦ ਜੀ 3 ਮਾਰਚ 1644 ਨੂੰ ਜੋਤੀ ਜੋਤਿ ਸਮਾ ਗਏ।

**ਬਹੁ ਗੁਣ ਮੇਰੇ ਸਾਹਿਬੈ:-** ਸਤਿਗੁਰੂ ਸਰੂਪ ਦੀ ਮਹਿਮਾ ਦਾ ਵਰਨਣ ਕਰਦਿਆਂ ਹੋਇਆਂ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ-

ਸਤਿਗੁਰ ਜੇਵਡੁ ਅਵਰੁ ਨ ਕੋਇ॥
ਗੁਰ ਪਾਰਬ੍ਰਹਮੁ ਪਰਮੇਸਰੁ ਸੋਇ॥
ਜਨਮ ਮਰਣ ਦੂਖ ਤੇ ਰਾਖੈ॥
ਮਾਇਆ ਬਿਖੁ ਫਿਰਿ ਬਹੁੜਿ ਨ ਚਾਖੈ॥
ਗੁਰ ਕੀ ਮਹਿਮਾ ਕਥਨੁ ਨ ਜਾਇ॥
ਗੁਰੁ ਪਰਮੇਸਰੁ ਸਾਚੈ ਨਾਇ॥

ਭਾਵ ਗੁਰੂ ਪਰਮੇਸ਼ਰ ਦਾ ਪ੍ਰਤੱਖ ਸਰੂਪ ਹੈ। ਉਸ ਦੀ ਮਹਿਮਾ ਕਹਿਣ ਤੋਂ ਪਰ੍ਹੇ ਹੈ ਅਤੇ ਗੁਰੂ ਜੋਤ ਵਿੱਚ ਪਾਰਬ੍ਰਹਮ ਦੀਆਂ ਸਰਬ ਸ਼ਕਤੀਆਂ ਆਪ ਮੁਹਾਰੇ ਪ੍ਰਗਟ ਹੋ ਉੱਠਦੀਆਂ ਹਨ। ਉੱਥੇ ਸਰੀਰਕ ਆਯੂ ਦਾ ਕੋਈ ਅਸਰ ਨਹੀਂ ਹੁੰਦਾ। ਜਿਹੜੀ ਸ਼ਕਤੀ ਸ੍ਰੀ ਗੁਰੂ ਅਮਰਦਾਸ ਜੀ ਦੇ ਬਜ਼ੁਰਗ ਸ਼ਰੀਰ ਅੰਦਰ ਸਫੁੱਟਿਤ ਹੋ ਰਹੀ ਸੀ ਉਸੇ ਪਰਮ ਸ਼ਕਤੀ ਦਾ ਨਿਵਾਸ ਹੁਣ 14 ਕੁ ਸਾਲ ਦੀ ਸਰੀਰਕ ਉਮਰ ਵਾਲੇ ਗੁਰੂ ਹਰਿ ਰਾਇ ਜੀ ਵਿੱਚ ਹੋ ਚੁੱਕਾ ਸੀ। ਆਪ ਜੀ ਦੇ ਬੇਅੰਤ ਗੁਣਾਂ ਵਿਚੋਂ ਕੁਝ ਕੁ ਦਾ ਸੰਖੇਪ ਵਰਨਣ ਮੈਂ ਆਪਣੀ ਤੁੱਛ ਬੁਧੀ ਅਨੁਸਾਰ ਕਰਨ ਦਾ ਯਤਨ ਕਰਾਂਗਾ।

**ਹਿਰਦੇ ਦੀ ਕੋਮਲਤਾ :-** ਆਪ ਜੀ ਦੇ ਸੁਭਾਉ ਦੀ ਕੋਮਲਤਾ ਦਾ ਜ਼ਿਕਰ ਕਰਦੇ ਹੋਏ ਗਿਆਨੀ ਗਿਆਨ ਸਿੰਘ ਜੀ ਤਵਾਰੀਖ ਗੁਰੂ ਖਾਲਸਾ ਵਿੱਚ ਲਿਖਦੇ ਹਨ 'ਸੁਭਾਅ ਕੋਮਲ ਐਸਾ ਸੀ ਕਿ ਇੱਕ ਦਿਨ ਆਪਣੇ ਬਾਬਾ ਛੇਵੇਂ ਪਾਤਸ਼ਾਹ ਨਾਲ ਬਾਗ ਵਿੱਚ ਗਏ। ਇਨ੍ਹਾਂ ਦੇ ਗਲ ਵੱਡਾ ਸਾਰਾ ਜਾਮਾ ਪਹਿਰਿਆ ਹੋਇਆ ਸੀ ਉਸਦਾ ਪੱਲਾ ਲੱਗਕੇ ਫੁੱਲ ਟੁੱਟ ਗਏ ਤਾਂ ਇਹ ਉਸੇ ਥਾਂ ਰੁਦਨ ਕਰਨ ਲੱਗੇ।' ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿੱਚ ਜ਼ਿਕਰ ਹੈ ਕਿ :-

ਹਰੀ ਰਾਇ ਪਿਖਿ ਦਯਾ ਉਪਾਈ॥
ਇਨ ਮੋਰੋ ਨਹਿ ਕਾਹਿ ਗਵਾਈ॥
ਭਏ ਮ੍ਰਿਤੁ ਮਮ ਜਾਨੇ ਲਾਗ॥
ਅਸ ਕਹਿ ਘਨੋ ਰੁਦਨ ਮਹਿ ਪਾਗ॥

ਜਦੋਂ ਛੇਵੇਂ ਗੁਰਦੇਵ ਅੱਗੋਂ ਘੁੰਮ ਕੇ ਪਿਛੇ ਵੱਲ ਪਰਤੇ ਤਾਂ ਆਪ ਜੀ ਨੂੰ ਫੁੱਲ ਕੋਲ ਬੈਠ ਕੇ ਰੁਦਨ ਕਰਦਿਆਂ ਵੇਖਿਆ ਤਾਂ ਬਚਨ ਕੀਤਾ ਕਿ ਜੇ ਜਾਮਾ ਵੱਡਾ ਪਹਿਰੀਏ ਤਾਂ ਸੰਭਾਲ ਕੇ ਵੀ ਚਲੀਏ। ਇਹ ਬਚਨ ਆਪ ਜੀ ਨੇ ਅਜਿਹਾ ਮੰਨਿਆ ਕਿ ਸਾਰੀ ਉਮਰ-ਭਰ ਚੋਲਾ ਦੋਹਾਂ ਹੱਥਾਂ ਨਾਲ ਸੰਭਾਲ ਕੇ ਚੱਲਦੇ ਰਹੇ।

ਆਪ ਜੀ ਪਾਸ ਬਾਈ ਸੌ ਘੋੜ ਸਵਾਰਾਂ ਦੀ ਅਜਿੱਤ ਸੈਨਾ ਸੀ, ਜਿਨ੍ਹਾਂ ਵਿਚੋਂ ਜ਼ਿਆਦਾਤਰ ਬਾਦਸ਼ਾਹੀ ਜ਼ੁਲਮਾਂ ਤੋਂ ਡਰਦੇ ਨੱਠ ਕੇ ਗੁਰੂ ਦਰਬਾਰ ਵਿੱਚ ਆਏ ਹੋਏ ਸਨ। ਆਪ ਜੀ ਸ਼ਰਣ ਆਇਆਂ ਦੀ ਰੱਖਿਆ ਬੜੀ ਤਨ-ਦੇਹੀ ਨਾਲ ਕਰਦੇ। ਜੇਕਰ ਰਾਜੇ ਦੀਪ ਚੰਦ ਦਾ ਸੋਹਣੂ ਨਾਮਕ ਵਜ਼ੀਰ ਰਾਜੇ ਤੋਂ ਭੱਜ ਕੇ ਆਪ ਜੀ ਦੇ ਚਰਨਾਂ ਵਿੱਚ ਆ ਗਿਆ ਤਾਂ ਉਸ ਬਦਲੇ ਰਾਜੇ ਦੀ ਜਾਗੀਰ ਛੱਡਣੀ ਮਨਜ਼ੂਰ ਕਰ ਲਈ ਪਰ

ਉਸਨੂੰ ਰਾਜੇ ਅੱਗੇ ਪੇਸ਼ ਨਾ ਕੀਤਾ।

ਜਦੋਂ ਸ਼ਿਕਾਰ ਖੇਡਣ ਚੜ੍ਹਦੇ ਤਾਂ ਕਿਸੇ ਵੀ ਜਾਨਵਰ ਨੂੰ ਮਾਰਦੇ ਨਾ, ਸਗੋਂ ਘੋੜੇ ਭਜਾ ਕੇ, ਘੇਰ ਕੇ ਜਿਊਂਦਾ ਫੜ ਲਿਔਂਦੇ। ਮਿਰਗ, ਗਿੱਦੜ, ਬਘਿਆੜ, ਰਿੱਛ ਆਦਿਕ ਬਹੁਤ ਜਾਨਵਰ ਆਪ ਜੀ ਦੀ ਮਹਿਮਾਨ ਨਿਵਾਜੀ ਦਾ ਲੁਤਫ਼ ਲੈਂਦੇ ਅਤੇ ਸਭ ਵੈਰ ਵਿਰੋਧ ਭੁਲਾ ਕੇ ਇੱਕੋ ਥਾਂ 'ਤੇ ਪਾਣੀ ਪੀਂਦੇ। ਜਦੋਂ ਜਾਨਵਰ ਖਾ ਪੀ ਕੇ ਤਕੜੇ ਹੋ ਜਾਂਦੇ ਜਾਂ ਗਿਣਤੀ ਵਿੱਚ ਜ਼ਿਆਦਾ ਹੋ ਜਾਂਦੇ ਤਾਂ ਫਿਰ ਦੁਬਾਰਾ ਜੰਗਲ ਵਿੱਚ ਛੱਡ ਦਿੱਤੇ ਜਾਂਦੇ, ਪੰਥ ਪ੍ਰਕਾਸ਼ ਦੇ ਸ਼ਬਦਾਂ ਵਿੱਚ :-

ਤਜੇ ਬਖੇੜੇ ਝੇੜੇ ਸਾਰੇ॥ ਜੋ ਕਬਹੂੰ ਚਢਿ ਜਾਤ ਸਿਕਾਰੇ॥
ਨਾਹਿ ਜਾਨਵਰ ਮਾਰੇ ਕੋਊ। ਫੜ ਲਿਅਇ ਰਖ ਛਾਡੈਂ ਸੋਊ॥

ਇੱਕ ਦਿਨ ਸਤਿਗੁਰੂ ਜੀ ਆਪਣੇ ਘੋੜ ਸਵਾਰਾਂ ਸਮੇਤ ਘੋੜੇ 'ਤੇ ਚੜ੍ਹ ਕੇ ਬਾਹਰ ਜੰਗਲ ਵੱਲ ਜਾ ਰਹੇ ਸਨ। ਗਰੀਬਾਂ ਦੇ ਕੁਝ ਬੱਚੇ ਅੱਗੇ ਖੇਡ ਰਹੇ ਸਨ। ਘੋੜ-ਸਵਾਰ ਫੌਜ ਵੱਲ ਵੇਖਕੇ ਬੱਚੇ ਡਰ ਕੇ ਦੌੜ ਗਏ। ਦੌੜਦਾ ਜਾਂਦਾ ਇੱਕ ਬੱਚਾ ਠੇਡਾ ਖਾ ਕੇ ਬੁਰੀ ਤਰ੍ਹਾਂ ਡਿੱਗ ਪਿਆ। ਆਪ ਜੀ ਨੇ ਨਿੱਜੀ ਘੋੜੇ ਨੂੰ ਤੁਰੰਤ ਰੋਕਿਆ। ਘੋੜੇ ਤੋਂ ਉੱਤਰ ਕੇ ਕਾਹਲੀ ਨਾਲ ਬੱਚੇ ਨੂੰ ਉਠਾਇਆ, ਰੋਂਦੇ ਦੇ ਹੰਝੂ ਪੂੰਝੇ। ਪਿਆਰ ਨਾਲ ਸਿਰ 'ਤੇ ਹੱਥ ਫੇਰਿਆ। ਗਰੀਬ ਬੱਚੇ ਨੂੰ ਪਲੋਸਦਿਆਂ ਹੋਇਆਂ ਬਚਨ ਕੀਤਾ ਕਿ ਰੱਬ ਦੇ ਪਿਆਰਿਆਂ ਨੂੰ ਗੁਰੂ ਪੀਰਾਂ ਪਾਸੋਂ ਡਰਨਾ ਨਹੀਂ ਚਾਹੀਦਾ ਤੁਸੀਂ ਹੀ ਤਾਂ ਰਾਜ ਕਮਾਉਣਾ ਹੈ। ਤੁਹਾਡੇ ਘੋੜਿਆਂ ਦੀਆਂ ਟਾਪਾਂ ਸੁਣ ਕੇ ਦੁਸ਼ਮਣਾਂ ਦੇ ਦਿਲ ਦਹਿਲਣੇ ਹਨ। ਤੁਸੀਂ ਕਿਉਂ ਡਰਨਾ ਹੋਇਆ। ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿੱਚ ਲਿਖਿਆ ਹੈ ਕਿ ਇਸ ਬੱਚੇ ਦਾ ਨਾਮ ਜਵੰਦਾ ਸੀ ਅਤੇ ਗੁਰੂ ਬਚਨਾਂ ਸਦਕਾ ਇਸਨੇ ਜਵੱਦੀ ਪਿੰਡ ਵਸਾਇਆ।

ਫਿਰ ਇਕ ਦਿਵਸ ਅਸੂ ਅਸਵਾਰੀ।
ਚਾਲੇ ਥੇ ਹਿਤ ਸੈਲ ਵਿਚਾਰੀ।
ਡਰ ਕਰ ਬਾਲ ਗਰੀਬਨ ਕੇਰਾ।
ਦੌਰਿਓ ਗਿਰਿਓ ਧਰਾ ਗੁਰ ਹੇਰਾ।
ਸੀਘਰ ਉਤਰਿ ਆਪ ਚੁਕ ਲੀਓ।
ਦਿਯੋ ਪਯਾਰ ਸਿਰ ਹਾਥ ਫਿਰੀਓ।
ਸੋਊ ਜਵੰਦਾ ਭਗਤ ਸਦਾਇਓ।
ਪਿੰਡ ਜਵੱਦੀ ਜੋ ਬਿਦਤਾਇਓ।

**ਲੰਗਰ ਦੀ ਪ੍ਰਥਾ :-** ਗੁਰੂ ਘਰ ਵਿੱਚ ਸੰਗਤ ਅਤੇ ਪੰਗਤ ਦੀ ਮਰਯਾਦਾ ਸਿੱਖ-ਪੰਥ ਦੇ ਅਰੰਭ ਤੋਂ ਹੀ ਲਗਾਤਾਰ ਚਾਲੂ ਹੈ। ਗੁਰੂ ਹਰਿ ਰਾਇ ਸਾਹਿਬ ਜੀ ਦੇ ਵਕਤ 1646 ਈ: ਵਿੱਚ ਪੰਜਾਬ ਦੇ ਮਾਲਵਾ ਖੇਤਰ ਵਿੱਚ ਭਿਅੰਕਰ ਕਾਲ ਪਿਆ ਲੋਕ ਭੁੱਖ ਨਾਲ ਤੜਫ ਕੇ ਮਰਨ ਲੱਗੇ। ਗੁਰੂ ਜੀ ਨੇ ਆਪਣੇ ਪਿਆਰੇ ਸਿੱਖਾਂ ਨੂੰ ਘਰ-ਘਰ ਗੁਰੂ ਕੀ ਲੋਹ ਗੱਡਣ ਦਾ ਹੁਕਮ ਦੇ ਦਿੱਤਾ। ਲੰਗਰ ਵਿੱਚ ਹਰ ਵਕਤ ਹਰ ਲੋੜਵੰਦ ਨੂੰ ਬਿਨਾਂ ਵਿਤਕਰੇ ਪ੍ਰਸ਼ਾਦਾ ਮਿਲਣ ਦਾ ਪ੍ਰਬੰਧ ਕੀਤਾ ਗਿਆ ਅਤੇ ਬਚਨ ਕੀਤਾ :-

ਵਹੀ ਮੇਰਾ ਸਿਖ ਹੈ, ਅਰੁ ਵਹੀ ਮੇਰਾ ਲੰਗਰ ਹੈ।
ਜਿਸ ਮੇਂ ਵਖਤੋਂ ਘੁੱਥੇ ਕੀ ਸੇਵਾ ਹੋਤੀ ਹੈ।
ਬਾਕੀ ਬਿਨਾਂ ਬਿਚਾਰ ਕੇ ਪੁੰਨ ਪਾਪ ਕਾ ਸੌਦਾ ਹੈ।

ਲੰਗਰ ਤਿਆਰ ਹੋਣ ਤੇ ਨਗਾਰਾ ਵਜੌਣ ਦੀ ਰੀਤ ਵੀ ਆਪ ਜੀ ਨੇ ਹੀ ਸ਼ੁਰੂ ਕੀਤੀ ਤਾਂ ਕਿ ਕੋਈ ਵੀ ਲੋੜਵੰਦ ਦੂਰੋਂ ਨਗਾਰੇ ਦੀ ਆਵਾਜ਼ ਸੁਣ ਕੇ ਆ ਕੇ ਪ੍ਰਸ਼ਾਦਾ ਛਕ ਸਕੇ। ਗੁਰੂ ਜੀ ਹੁਕਮ ਕੀਤਾ ਕਿ ਹਰ ਸਿੱਖ ਯਥਾ ਸ਼ਕਤ ਰਸਦ ਲੰਗਰ ਵਿੱਚ ਪਾਵੇ, ਭਾਵੇਂ ਇੱਕ ਚੁਟਕੀ ਆਟਾ ਜਾਂ ਚਾਰ ਦਾਣੇ ਹੀ ਪਾਵੇ। ਗਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ। ਸਿੱਖ ਦੇ ਤ੍ਰਿਪਤ ਹੋਣ ਨਾਲ ਹੀ ਗੁਰੂ ਤ੍ਰਿਪਤ ਹੁੰਦਾ ਹੈ। ਲੋੜਵੰਦ ਦੀ ਲੋੜ ਨੂੰ ਆਪਣੀ ਜਾਨਣੀ ਹੀ ਗੁਰਸਿੱਖੀ ਹੈ।

ਸਤਿਗੁਰੂ ਜੀ ਦਾ ਇੱਕ ਹਜ਼ੂਰੀ ਸਿੱਖ ਭਾਈ ਕਾਲਾ ਦੁੱਲਟ ਗੁਰੂ-ਘਰ ਦੀ ਖੇਤੀਬਾੜੀ ਦੀ ਸੰਭਾਲ ਕਰਦਾ ਸੀ। ਗੁਰੂ ਜੀ ਨੇ ਉਸਨੂੰ ਖੇਤੀ ਦੀ ਪੈਦਾਵਾਰ ਲੈਣ ਲਈ ਭੇਜਿਆ। ਜਦ ਉਹ ਖਾਲੀ ਹੱਥ ਮੁੜ ਆਇਆ ਤਾਂ ਗੁਰੂ ਜੀ ਦੇ ਪੁੱਛਣ ਤੇ ਉਸਨੇ ਅਰਜ਼ ਕੀਤੀ ਕਿ ਉਹ ਸਾਰਾ ਅਨਾਜ ਗੁਰੂ ਜੀ ਦੇ ਹੁਕਮ ਨਾਲ ਗਰੀਬਾਂ ਦੇ ਮੂੰਹ ਪਾ ਆਇਆ ਸੀ। ਇਥੇ ਵੀ ਤਾਂ ਸੰਗਤ ਨੇ ਹੀ ਛਕਣਾ ਸੀ। ਉਥੇ ਹੀ ਵੰਡਿਆ ਗਿਆ। ਸਗੋਂ ਪਕਾਉਣ ਵਰਤਾਉਣ ਦੀ ਖੇਚਲ ਵੀ ਮੁੱਕੀ। ਸਤਿਗੁਰੂ ਜੀ ਨੇ ਸਿੱਖ ਨੂੰ ਬੇਅੰਤ ਖੁਸ਼ੀਆਂ ਬਖਸ਼ੀਆਂ। ਆਪ ਜੀ ਨੇ ਆਪਣੇ ਪੰਜਾਬ ਦੌਰੇ ਸਮੇਂ ਖਡੂਰ ਸਾਹਿਬ ਅਤੇ ਗੋਇੰਦਵਾਲ ਸਾਹਿਬ ਵਿਖੇ ਅਟੁੱਟ ਅਤੇ ਸਦਾ ਵਰਤ ਲੰਗਰ ਸ਼ੁਰੂ ਕੀਤੇ।

**ਗੁਰਬਾਣੀ ਸਤਿਕਾਰ :-** ਗੁਰਬਾਣੀ ਦਾ ਅਦਬ ਕਰਨਾ ਤਾਂ ਕੇਵਲ ਸਤਿਗੁਰੂ ਪਾਸੋਂ ਹੀ ਸਿੱਖਿਆ ਜਾ ਸਕਦਾ ਹੈ। ਇਕ ਰੋਜ਼ ਗੁਰੂ ਹਰਿ ਰਾਇ ਸਾਹਿਬ ਜੀ ਚੁਬਾਰੇ ਵਿੱਚ ਬਿਰਾਜ ਰਹੇ ਸਨ, ਇੰਨੇ ਚਿਰ ਨੂੰ ਕੁਝ ਸੰਗਤ ਸ਼ਬਦ ਪੜ੍ਹਦੀ ਪੁੱਜ ਗਈ। ਸ਼ਬਦ ਸੁਣਦੇ ਸਾਰ ਆਪ ਕਾਹਲੀ ਵਿੱਚ ਮੰਜੇ ਤੋਂ ਉੱਠੇ।

ਹਰਬਰਾਇ ਜਬ ਨਿੰਦ੍ਰਾ ਤਯਾਗੀ।
ਪਾਟੀ ਚੋਟ ਗੋਡ ਪਰ ਲਾਗੀ।
ਤਜਿ ਪ੍ਰਯੰਕ ਕੋ ਉਠੇ ਕ੍ਰਿਪਾਲਾ।
ਜਾਨੂੰ ਲਗਯੋ ਉਤਰਬੇ ਕਾਲਾ।

ਮੰਜੇ ਦੀ ਬਾਹੀ ਨਾਲ ਗੋਡੇ ਉੱਪਰ ਲੱਗੀ ਸੱਟ ਨਾਲ ਜਦ ਆਪ ਜੀ ਹੇਠਾਂ ਆਏ ਤਾਂ ਕਿਸੇ ਸਿੱਖ ਨੇ ਪੁੱਛਿਆ, "ਜੀ ਆਪ ਜੀ ਇੰਨੀ ਕਾਹਲੀ ਕਿਉਂ ਕਰਨੀ ਸੀ? ਬਾਣੀ ਤਾਂ ਆਪ ਜੀ ਦੀ ਹੀ ਪਹਿਲੇ ਜਾਮਿਆਂ ਵਿੱਚ ਰਚੀ ਹੋਈ। ਫਿਰ ਸਤਿਕਾਰ ਦਾ ਸ਼ੰਕਾ ਕਿਉਂ ?

ਬਚਨ ਆਪ ਕੇ ਸਬਦ ਬਨੇ ਹੈਂ॥
ਨਰ ਤਾਰਨਿ ਹਿਤ ਸੁਖਦ ਭਨੇ ਹੈ।
ਸ਼ਮਕਨਿ ਕਿਸ ਕੀ ਸਵਰ ਪਰੀ ?
ਕਾਨ ਕਵਨ ਸ਼ੀਘਰਤਾ ਕਰੀ ?

ਇਹ ਸੁਣ ਕੇ ਸਤਿਗੁਰੂ ਜੀ ਬਚਨ ਕੀਤਾ

ਜੋ ਸਿਖ ਗੁਰਬਾਣੀ ਭੈ ਕਰੈ।
ਬਿਨ ਪ੍ਰਯਾਸ ਭਵ ਸਾਗਰ ਤਰੈ।
ਜੋ ਗੁਰ ਭਗਤ ਸੁ ਸਿਖ ਹੈ ਮੇਰਾ।
ਗੁਰਬਾਣੀ ਭੈ ਤਿਸੈ ਘਨੇਰਾ॥
ਜਿਨ ਭੈ ਅਦਬ ਨ ਬਾਨੀ ਧਾਰਾ॥
ਜਾਨਹੁ ਸੋ ਸਿਖ ਨਹੀ ਹਮਾਰਾ॥

ਇਥੇ ਹੀ ਬੱਸ ਨਹੀਂ ਆਪਨੇ ਵੱਡੇ ਪੁੱਤਰ ਰਾਮ ਰਾਇ ਵੱਲੋਂ ਗੁਰਬਾਣੀ ਦੀ ਇਕ ਤੁਕ ਬਦਲਣ ਤੇ ਉਸ ਨੂੰ ਮੂੰਹ ਨਹੀਂ ਸੀ ਲਾਇਆ। ਗੁਰਬਾਣੀ ਮਹਾਤਮ ਦੀ ਇਕ ਸਾਖੀ ਦਾ ਜ਼ਿਕਰ ਸਾਡੇ ਇਤਿਹਾਸ ਨੇ ਬੜੇ ਸੁੰਦਰ ਸ਼ਬਦਾਂ ਵਿੱਚ ਕੀਤਾ ਹੈ।

ਇਕ ਰੋਜ਼ ਕੁਝ ਸਿੱਖਾਂ ਨੇ ਗੁਰੂ ਹਰਿ ਰਾਇ ਸਾਹਿਬ ਜੀ ਦੇ ਪਾਵਨ ਚਰਨਾਂ ਵਿੱਚ ਅਰਜ਼ ਕੀਤੀ "ਗਰੀਬ ਨਿਵਾਜ ਜੀਉ! ਅਸੀਂ ਆਪ ਜੀ ਦੇ ਨਾਮ ਧਰੀਕ ਸਿੱਖ ਹਾਂ, ਕ੍ਰਿਪਾ ਕਰਕੇ ਸਾਡੇ ਮਨ ਦਾ ਸੰਸਾ ਦੂਰ ਕਰੋ ਜੀ। ਅਸੀਂ ਆਪ ਜੀ ਦਾ ਹੁਕਮ ਮੰਨ ਕੇ ਰੋਜ਼ ਗੁਰਬਾਣੀ ਦਾ ਪਾਠ ਤਾਂ ਕਰਦੇ ਹਾਂ, ਪਰ ਅਰਥ ਬੋਧ ਬਾਰੇ ਕੋਈ ਗਿਆਨ ਨਹੀਂ ਰੱਖਦੇ। ਇਸ ਲਈ ਗੁਰਬਾਣੀ ਵਿੱਚ ਦੱਸੇ ਗਏ ਰਸਤੇ 'ਤੇ ਨਹੀਂ ਚੱਲ ਸਕਦੇ। ਸਾਡੇ ਮਨ ਵਿੱਚ ਇਹ ਗੱਲ ਹਮੇਸ਼ਾਂ ਰਹਿੰਦੀ ਹੈ ਕਿ ਸਾਡੀ ਅੰਤ ਸਮੇਂ ਕੀ ਗਤੀ ਹੋਵੇਗੀ ? ਪਾਤਸ਼ਾਹ ਜੀ ਨੇ ਉਸ ਵੇਲੇ ਕੋਈ ਉੱਤਰ ਨਾ ਦਿੱਤਾ। ਆਪ ਜੀ ਸਿੱਖਾਂ ਸੇਵਕਾਂ ਸਹਿਤ ਬਾਹਰ ਸੈਰ ਕਰਨ ਚੱਲ ਪਏ। ਬਾਰਿਸ਼ ਪੈ ਕੇ ਹਟੀ ਸੀ। ਆਕਾਸ਼ ਸਾਫ਼ ਹੋਣ ਤੇ ਸੂਰਜ ਦੀ ਚਮਕ ਨਾਲ ਇੱਕ ਪਾਸੇ ਇਕ ਠੀਕਰੀ ਬਹੁਤ ਚਮਕਾਂ ਮਾਰ ਰਹੀ ਸੀ। ਸਤਿਗੁਰੂ ਜੀ ਵੇਖ ਕੇ ਰੁਕ ਗਏ ਸਿੱਖ ਨੂੰ ਭੇਜ ਕੇ ਉਹ ਠੀਕਰੀ ਮੰਗਾਈ। ਕਰ ਕਮਲਾਂ ਵਿੱਚ ਫੜ ਕੇ ਬਚਨ ਕੀਤਾ ਕਿ ਗੁਰਬਾਣੀ ਪੜ੍ਹਨ ਦਾ ਵੱਡਾ ਮਹਾਤਮ ਹੈ। ਭਾਈ ਸੰਤੋਖ ਸਿੰਘ ਜੀ ਗੁਰ-ਉਪਦੇਸ਼ ਨੂੰ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਇੰਝ ਵਰਨਣ ਕਰਦੇ ਹਨ :-

ਜਿਮ ਠੀਕਰੀ ਬਹੁ ਬਰਖ ਬਿਤਾਈ।
ਲਗੇ ਤੇਜ ਨਿਕਸੀ ਚਿਕਨਾਈ।
ਤਿਮ ਜੇ ਪਠਹਿਂ ਨੇਮ ਗੁਰਬਾਣੀ।
ਅੰਤ ਦੇਤਿ ਕਲਯਾਨ ਮਹਾਨੀ।
ਰਹੀ ਚਿਕਨਤਾ ਠੀਕਰਿ ਮਾਹਿ।
ਤਯੋਂ ਬਾਨੀ ਗੁਨ ਰਹਿ ਮਨ ਮਾਹਿ।
ਅੰਤ ਕਾਲ ਕਰਹਿ ਪ੍ਰਕਾਸੇ।
ਜਥਾ ਕੁਸਮ ਤਿਲ ਪਾਇ ਸੁਬਾਸੇ।

**ਨਿਰਵੈਰ ਸਤਿਗੁਰੂ :-** ਸ੍ਰੀ ਗੁਰੂ ਹਰਗੋਬਿੰਦ ਜੀ ਦੇ ਵਕਤ ਮੁਗਲ ਬਾਦਸ਼ਾਹ ਸ਼ਾਹਜਹਾਂ ਨੇ ਗੁਰੂ ਘਰ ਤੇ ਬਾਰ-ਬਾਰ ਹਮਲੇ ਕੀਤੇ। ਸਿੱਟੇ ਵਜੋਂ ਬਾਬੇ ਕਿਆਂ ਅਤੇ ਬਾਬਰ ਕਿਆਂ ਦੀਆਂ ਆਹਮੋ-ਸਾਹਮਣੇ 4 ਜੰਗਾਂ ਹੋਈਆਂ। ਪਰ 'ਧਨੁ ਅਰੁ ਭੂਮਿ ਪੁਰਾਤਨ ਬੈਰਾ' ਦੇ ਕਥਨ ਅਨੁਸਾਰ ਸ਼ਾਹਜਹਾਂ ਦੇ ਹੁੰਦਿਆਂ ਹੀ ਉਸਦੇ ਪੁੱਤਰਾਂ ਵਿੱਚ ਕਸ਼ਮਕਸ ਸ਼ੁਰੂ ਹੋ ਗਈ। ਦਾਰਾਸ਼ਕੋਹ ਜਿਸਨੂੰ ਸ਼ਾਹਜਹਾਂ ਸਭ ਤੋਂ ਜਿਆਦਾ ਚਾਹੁੰਦਾ ਸੀ, ਔਰੰਗਜੇਬ ਵੱਲੋਂ ਉਸਨੂੰ ਰਾਹ 'ਚੋਂ ਹਟਾਉਣ ਦੇ ਹੀਲੇ ਕੀਤੇ ਜਾਣ ਲੱਗੇ। ਉਸਨੇ ਰਸੋਈਏ ਨਾਲ ਰਲ ਕੇ ਦਾਰਾਸ਼ਕੋਹ ਨੂੰ ਖਾਣੇ ਵਿੱਚ ਸ਼ੇਰ ਦਾ ਵਾਲ ਖੁਆ ਦਿੱਤਾ, ਜਿਸ ਦੇ ਸਦਕਾ ਦਾਰਾ ਦਾ ਹਾਜ਼ਮਾ ਖਰਾਬ ਹੋ ਗਿਆ ਅਤੇ ਦਿਨੋਂ ਦਿਨ ਉਸਦੀ ਸਿਹਤ ਡਿੱਗਣ ਲੱਗੀ। ਕੁਝ ਹੀ ਸਮੇਂ ਵਿੱਚ ਮਰਨ ਵਾਲਾ ਹੋ ਗਿਆ। ਸਾਰੇ ਇਲਾਜ ਅਸਫਲ ਸਿੱਧ ਹੋ ਗਏ। ਅਖੀਰ ਸ਼ਾਹੀ ਹਕੀਮਾਂ ਨੇ ਦੱਸਿਆ ਕਿ ਜੇ 10 ਤੋਲੇ ਦੀ ਹਰੜ, ਇੱਕ ਮਾਸੇ ਦਾ ਲੌਂਗ ਅਤੇ ਗਜ ਮੋਤੀ ਕਿਤਿਓਂ ਮਿਲ ਸਕਣ ਤਾਂ ਦਾਰਾ ਬਚ ਸਕਦਾ ਹੈ। ਪਤਾ ਕੀਤਾ ਗਿਆ ਤਾਂ ਜਾਣਕਾਰੀ ਮਿਲੀ ਕਿ ਗੁਰੂ ਹਰਿ ਰਾਇ ਸਾਹਿਬ ਦੇ ਦਵਾ ਖਾਨੇ ਵਿੱਚੋਂ ਇਹ ਚੀਜਾਂ ਉਪਲਬਧ ਹੋ ਸਕਦੀਆਂ ਹਨ। ਸ਼ਾਹਜਹਾਂ ਦੇ ਅਰਜ਼ ਕਰ ਭੇਜਣ ਤੇ, ਗੁਰੂ ਜੀ ਨੇ ਪਿਛਲੀਆਂ ਸਾਰੀਆਂ ਵਿਰੋਧਤਾਈਆਂ ਨੂੰ ਭੁਲਾ ਕੇ ਦਾਰਾਸ਼ਕੋਹ ਦੇ ਇਲਾਜ ਲਈ ਸਭ ਚੀਜਾਂ ਉਪਲਬਧ ਕਰਵਾ ਦਿੱਤੀਆਂ।

**ਬਖਸ਼ਿਸ਼ਾਂ ਹੀ ਬਖਸ਼ਿਸ਼ਾਂ :-** ਭਾਵੇਂ ਕਾਲੇ ਦੀ ਬਹਾਦਰੀ ਉੱਪਰ ਗੁਰੂ ਹਰਿਗੋਬਿੰਦ ਜੀ ਕਿਰਪਾ ਕਰ ਗਏ ਸਨ ਅਤੇ ਉਹ ਖਾਨਾ-ਬਦੋਸ਼ ਲੋਕ, ਘਰਾਂ ਵਾਲੇ ਬਣ ਗਏ ਸਨ, ਪਰ ਪਾਣੀ ਦੀ ਤੰਗੀ ਹੋਣ ਕਰਕੇ ਸਦਾ ਹੀ ਭੁੱਖ ਮਰੀ ਬਣੀ ਰਹਿੰਦੀ। ਜਦ ਗੁਰੂ ਹਰਿ ਰਾਇ ਸਾਹਿਬ ਨੇ ਮਾਲਵੇ ਦਾ ਦੌਰਾ ਕੀਤਾ ਤਾਂ ਕਾਲਾ ਆਪਣੇ ਭਤੀਜਿਆਂ ਫੂਲ ਅਤੇ ਸੰਦਲੀ ਨੂੰ ਨਾਲ ਲੈ ਕੇ ਗੁਰੂ ਚਰਨਾਂ ਵਿੱਚ ਹਾਜ਼ਿਰ ਹੋਇਆ। ਦੋਹਾਂ ਬਾਲਕਾਂ ਨੇ ਗੁਰੂ ਜੀ ਦੇ ਸਨਮੁੱਖ ਢਿੱਡ ਵਜਾਉਣੇ ਸ਼ੁਰੂ ਕਰ ਦਿੱਤੇ। ਗੁਰੂ ਜੀ ਦੇ ਪੁੱਛਣ ਤੇ ਕਾਲੇ ਨੇ ਦੱਸਿਆ ਕਿ ਬੱਚੇ ਆਪਣੀ ਗਰੀਬੀ ਅਤੇ ਭੁੱਖ ਦਾ ਇਜ਼ਹਾਰ ਕਰ ਰਹੇ ਹਨ ਤਾਂ ਪਾਤਸ਼ਾਹ ਜੀ ਨੇ ਬਖਸ਼ਿਸ ਦੇ ਘਰ ਵਿੱਚ ਆ ਕੇ ਉਹਨਾਂ ਨੂੰ

ਰਾਜੇ ਹੋਣ ਦਾ ਵਰ ਬਖ਼ਸ਼ਿਆ। ਅਗਲੇ ਦਿਨ ਭਾਈ ਕਾਲਾ ਆਪਣੀ ਘਰ ਵਾਲੀ ਦੇ ਪ੍ਰੇਰਣ ਤੇ ਆਪਣੇ ਬੱਚਿਆਂ ਨੂੰ ਵੀ ਗੁਰੂ ਸ਼ਰਨ ਵਿੱਚ ਲੈ ਕੇ ਆਇਆ ਤਾਂ ਅਰਜ਼ ਕਰਨ ਤੇ ਪਾਤਸ਼ਾਹ ਜੀ ਹੁਕਮ ਕੀਤਾ ਕਿ ਇਹ ਵੀ ਕਿਸੇ ਦਾ ਮਾਲੀਆ ਨਹੀਂ ਭਰਨਗੇ। ਗੁਰੂ ਸਾਹਿਬ ਦੇ ਵਰਦਾਨ ਸਦਕਾ ਹੀ ਪਹਿਲਾਂ ਫੂਲਕੀਆ ਮਿਸਲ ਤੇ ਫਿਰ ਫੂਲਕੀਆਂ ਰਿਆਸਤਾਂ ਕਾਇਮ ਹੋਈਆਂ।

ਗੁਰੂ ਹਰਿ ਰਾਇ ਜੀ ਨੇ ਧਰਮ ਪ੍ਰਚਾਰ ਦੇ ਕਾਰਜ ਦਾ ਫੈਲਾਉ ਕਰਨ ਵਾਸਤੇ ਕੁਝ ਗੁਰਮੁਖ ਪਿਆਰਿਆਂ ਦੀ ਚੋਣ ਕੀਤੀ। ਆਪ ਜੀ ਨੇ ਉਹਨਾਂ ਉੱਪਰ ਐਸੀਆਂ ਬਖਸ਼ਿਸਾਂ ਕੀਤੀਆਂ ਕਿ ਉਹ ਹਰ ਪ੍ਰਕਾਰ ਨਾਲ ਸੰਪੰਨ ਮਹਾਂਪੁਰਖ ਜਿਸ ਪਾਸੇ ਵੀ ਜਾਂਦੇ ਆਪ ਮੁਹਾਰੇ ਹੀ ਗੁਰਸਿੱਖੀ ਦਾ ਵਿਸਥਾਰ ਹੁੰਦਾ ਜਾਂਦਾ। ਇਸੇ ਤੋਂ ਹੀ ਇਹ ਪ੍ਰਚਾਰਕ ਮੰਜੀਆਂ ਗੁਰੂ ਜੀ ਦੀਆਂ ਬਖਸ਼ਾਂ ਕਰਕੇ ਸੰਸਾਰ ਵਿੱਚ ਪ੍ਰਸਿੱਧ ਹੋ ਗਈਆਂ। ਗੁਰੂ ਹਰਿ ਰਾਇ ਸਾਹਿਬ ਜੀ ਦੀਆਂ ਕੁਝ ਬਖਸ਼ਾਂ ਇਸ ਪ੍ਰਕਾਰ ਹਨ।

1. ਬਖਸ਼ ਸੰਗਤ ਸਾਹਿਬ
2. ਬਖਸ਼ ਭਗਤ ਭਗਵਾਨ
3. ਬਖਸ਼ ਸੁਥਰੇ ਸ਼ਾਹ
4. ਬਖਸ਼ ਭਾਈ ਮੀਹਾਂ ਸਾਹਿਬ
5. ਬਖਸ਼ ਬਖਤ ਮੱਲੀਏ
6. ਬਖਸ਼ ਜੀਤ ਮੱਲੀਏ
7. ਬਖਸ਼ ਦੱਖਣੀ ਰਾਇ
8. ਬਖਸ਼ ਸਾਧੂ ਨੰਦ ਲਾਲ
9. ਬਖਸ਼ ਹੀਰਾ ਦਾਸੀਏ

ਗੁਰੂ ਜੀ ਕਰਤਾਰਪੁਰ ਵਿਖੇ ਦਰਸ਼ਨ ਦੇ ਕੇ ਸੰਗਤਾਂ ਨੂੰ ਕ੍ਰਿਤਾਰਥ ਕਰ ਰਹੇ ਸਨ। ਪ੍ਰਮੇਸ਼ਰ ਦਾ ਭਾਣਾ ਐਸਾ ਵਰਤਿਆ ਕਿ ਇੱਕ ਬ੍ਰਾਹਮਣ ਦਾ ਪੁੱਤਰ ਚੜ੍ਹਾਈ ਕਰ ਗਿਆ। ਕੁੱਝ ਦੁੱਖ ਦੇ ਮਾਰੇ ਹੋਏ ਅਤੇ ਕੁਝ ਧੀਰਮੱਲ ਦੇ ਸਿੱਖੇ ਸਿਖਾਏ ਮਰੇ ਪੁੱਤਰ ਨੂੰ ਚੁੱਕ ਕੇ ਗੁਰੂ ਦਰ ਤੇ ਆਣ ਪਾਇਆ। ਗੁਰੂ ਚਰਨਾਂ 'ਚ ਤਰਲੇ ਮਿੰਨਤਾਂ ਕਰਨ ਲੱਗੇ। ਗੁਰੂ ਜੀ ਨੇ ਪ੍ਰਭੂ-ਭਾਣੇ ਵਿੱਚ ਸਹਿਜ ਰਹਿਣ ਦਾ ਉਪਦੇਸ਼ ਦਿੱਤਾ। ਪਰ ਉਹਨਾਂ ਦਾ ਵਿਰਲਾਪ ਠੱਲਿਆ ਨਹੀਂ ਸੀ ਜਾ ਰਿਹਾ, ਸਿੱਖਾਂ ਨੇ ਵੀ ਬੇਨਤੀ ਕੀਤੀ ਕਿ ਬੱਚੇ ਦੀ ਉਮਰ ਵਧਾਉਣ ਦੀ ਕਿਰਪਾ ਕੀਤੀ ਜਾਵੇ। ਬਾਰ-ਬਾਰ ਅਰਜ਼ਾਂ ਬੇਨਤੀਆਂ ਕਰਨ ਤੇ ਗੁਰਦੇਵ ਬਚਨ ਕਰਨ ਲੱਗੇ ਕਿ ਬੱਚਾ ਤਾਂ ਜੀਊਂਦਾ ਹੋ ਜਾਵੇਗਾ ਪਰ ਇਸ ਦੇ ਥਾਂ ਕਿਸੇ ਨੂੰ ਮ੍ਰਿਤੂ ਪ੍ਰਵਾਣ ਕਰਨੀ ਪਵੇਗੀ। ਕੋਈ ਆਪਣੀ ਉਮਰ ਦੇ ਕੇ ਇਸ ਨੂੰ ਜੀਵਨ ਦਾਨ ਦੇਵੇ। ਇਹ ਸੁਣਦਿਆਂ ਸਾਰ ਦੀਵਾਨ ਵਿੱਚ ਸੰਨਾਟਾ ਛਾ ਗਿਆ। ਪਰ ਥੋੜ੍ਹੇ ਸਮੇਂ ਵਿੱਚ ਹੀ ਇੱਕ ਅਚਰਜ ਕੌਤਕ ਵਰਤਿਆ ਕਿ ਅਚਾਨਕ ਬ੍ਰਾਹਮਣ ਦਾ ਪੁੱਤਰ ਜਿੰਦਾ ਹੋ ਗਿਆ। ਸਾਰੇ ਪਾਸੇ ਹੈਰਾਨੀ-ਖੁਸ਼ੀ ਅਤੇ ਸ਼ੁਕਰਾਨੇ ਦਾ ਆਲਿਮ ਤਾਰੀ ਹੋ ਗਿਆ। ਅੰਤਰਯਾਮੀ ਸਤਿਗੁਰੂ ਜੀ ਬਚਨ ਕੀਤਾ ਕਿ ਇਹ ਕਿਸੇ ਪਰਉਪਕਾਰੀ ਜਿਊੜੇ ਨੇ ਆਪਣੇ ਪ੍ਰਾਣ ਦੇ ਕੇ ਬ੍ਰਾਹਮਣ ਪੁੱਤਰ ਨੂੰ ਪ੍ਰਾਣ ਦਿੱਤੇ ਹਨ। ਫਿਰ ਇੱਧਰ ਉਧਰ ਤੱਕ ਕੇ ਫੁਰਮਾਉਣ ਲੱਗੇ ਕਿ ਭਾਈ ਭਗਤੂ ਦੇ ਪੁੱਤਰ ਭਾਈ ਜੀਵਨ ਦਾ ਪਤਾ ਕੀਤਾ ਜਾਵੇ, ਉਹ ਕਿੱਥੇ ਹੈ ? ਗੁਰੂ ਹੁਕਮ ਦੀ ਤਾਮੀਲ ਕਰਦਿਆਂ ਸਿੱਖਾਂ ਨੇ ਜਦ ਭਾਈ ਜੀਵਨ ਦੇ ਡੇਰੇ ਜਾ ਕੇ ਵੇਖਿਆ ਤਾਂ ਅਸਚਰਜਤਾ ਦੀ ਹੱਦ ਨਾ ਰਹੀ। ਭਾਈ ਜੀ ਦਾ ਭੌਰ ਉਡਾਰੀ ਮਾਰ ਚੁੱਕਿਆ ਸੀ। ਜਦ ਗੁਰੂ ਜੀ ਨੂੰ ਅਰਜ ਕੀਤੀ ਗਈ ਤਾਂ ਗੁਰੂ ਸਾਹਿਬ ਨੇ ਭਾਈ ਭਗਤੂ ਦੇ ਇਸ ਮਹਾਨ ਸਪੂਤ ਨੂੰ ਬੇਅੰਤ ਖੁਸ਼ੀਆਂ ਦੇ ਕੇ ਨਿਵਾਜਿਆ। ਨਾਲ ਹੀ ਹੁਕਮ ਕੀਤਾ ਕਿ ਪਤਾ ਕੀਤਾ ਜਾਵੇ ਕਿ ਭਾਈ ਜੀ ਦੀ ਇਸਤਰੀ ਨੂੰ ਕੋਈ ਉਮੀਦਵਾਰੀ ਹੈ। ਜਦ ਉੱਤਰ ਹਾਂ ਵਿੱਚ ਮਿਲਿਆ ਤਾਂ ਪਾਤਸ਼ਾਹ ਜੀ ਫੁਰਮਾਇਆ, "ਸੰਤ ਦਾਸ ਹੋਵੇਗਾ, ਇੱਕ ਤੋਂ ਹਜ਼ਾਰਾਂ ਹੋਣਗੇ, ਖੇੜਿਆਂ ਦੇ ਖੇੜੇ ਵੱਸਣਗੇ।" ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਇਸ ਸੰਤ ਦਾਸ ਦੇ ਤਿੰਨ ਪਿੰਡ ਵੱਸੇ ਅਤੇ ਅੱਗੇ ਤੋਂ ਅੱਗੇ ਵਧਦੇ ਹੀ ਗਏ।

**ਸੱਤਵੇਂ ਮਹੱਲੇ ਦੀਆਂ ਕੁਝ ਸਿੱਖਿਆਵਾਂ**

1. ਬਿਗੜ ਰੂਪ ਅਹਿਕਾਰ ਹੈ।
 ਅਹੰਕਾਰ ਕਰਕੇ ਮੂੰਹ ਵਿਗੜਦਾ ਹੈ ਅਤੇ ਸੁੰਦਰਤਾ ਜਾਂਦੀ ਹੈ।
2. ਪਾਪਾਂ ਦਾ ਮੂਲ ਲੋਭ ਹੈ।
3. ਸਿੱਖ ਦੇ ਗੁਜਰਨ ਤੇ ਮੋਇਆ ਨਹੀਂ ਕਹਿਣ, ਕਹਿਣਾ ਹੈ ਅਕਾਲ ਚਲਾਣਾ ਕਰ ਗਿਆ ਹੈ।
4. ਗੁਰੂ ਦੀ ਖੁਸ਼ੀ ਉਸੇ ਤੇ ਹੈ, ਜੋ ਸਮੇਂ ਤੋਂ ਘੁਥਿਓਂ ਆਏ ਨੂੰ ਰੁਚੀ ਨਾਲ ਛਕਾਵੇ।
5. ਜੇ ਗੁਰੂ ਕੇ ਬਚਨ ਪਿਆਰੇ ਲੱਗਣ ਲੱਗ ਪੈਣ ਤਾਂ ਸਮਝੋ ਮਨ ਜਾਗ ਪਿਆ ਹੈ।
6. ਅੰਗ ਭੰਗ ਨੂੰ ਖੁਆਉਣਾ ਵੱਡਾ ਨੇਕ ਕਰਮ ਹੈ।
7. ਜਿਸ ਕਮਾਈ ਵਿੱਚੋਂ ਦਸਵੰਧ ਦਿੱਤਾ, ਉਸ ਘਰ ਸੱਭੇ ਸੁੱਖ।
8. ਮਾਂ ਬਾਪ ਦੀ ਸੇਵਾ ਹੀ ਭਗਤੀ ਹੈ।
9. ਰਾਜ ਦੀ ਜੜ੍ਹ ਪਰਜਾ ਹੈ। ਪਰਜਾ ਨੂੰ ਦੁਖੀ ਰੱਖਣਾ ਜੜ੍ਹ ਤੇ ਕੁਹਾੜਾ ਫੇਰਨ ਤੁੱਲ ਹੈ।
10. ਰਾਤ ਨੂੰ ਮਹੱਲਾਂ ਦੇ ਦਰਵਾਜ਼ੇ ਇਸ ਤਰ੍ਹਾਂ ਨਾ ਬੰਦ ਕਰਨੇ ਸੌਂਵੋ ਕਿ ਗਰੀਬ ਦੀ ਆਵਾਜ਼ ਹੀ ਨਾ ਸੁਣੇ।
11. ਹਾਕਮ ਬਣ ਕੇ ਕਿਸੇ 'ਤੇ ਰੁਅਬ ਨਾ ਪਾਉ।
12. ਜਿਥੇ ਗੁਰੂ ਵਿਸਰੇ ਉਥੇ ਨਹੀਂ ਮਿਲਣਾ।

**ਪਤਾ- ਸ੍ਰੀ ਭੈਣੀ ਸਾਹਿਬ**
**ਸੰਪ: 94632-46448**

# ਨਾਮਧਾਰੀ ਓਲੰਪੀਅਨ ਅਤੇ ਅੰਤਰ-ਰਾਸ਼ਟਰੀ ਖਿਡਾਰੀ

-ਜਸਵੰਤ ਸਿੰਘ ਮਸਤ

ਓਲੰਪਿਕ ਖੇਡਾਂ ਨੂੰ ਦੋ ਨਾਵਾਂ ਨਾਲ ਜਾਣਿਆ ਜਾਂਦਾ ਹੈ-ਪੁਰਾਤਨ ਖੇਡਾਂ ਤੇ ਆਧੁਨਿਕ ਖੇਡਾਂ। ਪੁਰਾਤਨ ਖੇਡਾਂ ਤੋਂ ਭਾਵ ਓਲੰਪਿਕ ਖੇਡਾਂ ਦੇ ਸ਼ੁਰੂਆਤੀ ਦੌਰ ਤੋਂ ਹੈ। ਓਲੰਪਿਕ ਖੇਡਾਂ ਦੇ ਸ਼ੁਰੂ ਹੋਣ ਬਾਬਤ ਇੱਕ ਦੰਦ ਕਥਾ ਪ੍ਰਚਲਿਤ ਹੈ। ਇਸ ਕਥਾ ਅਨੁਸਾਰ ਇਹਨਾਂ ਖੇਡਾਂ ਦਾ ਸੰਬੰਧ ਧਾਰਮਿਕਤਾ ਨਾਲ ਹੈ। ਯੂਨਾਨ ਦੇ ਇੱਕ ਰਾਜੇ ਨੇ ਆਪਣੀ ਧੀ ਦੇ ਵਿਆਹ ਲਈ ਇੱਕ ਐਲਾਨ ਕੀਤਾ ਕਿ ਜਿਹੜਾ ਰਾਜਕੁਮਾਰ ਉਸ (ਰਾਜੇ) ਦੁਆਰਾ ਰੱਖੀ 'ਮੁਸ਼ਕਿਲ ਨਿਯਮਾਂ ਵਾਲੀ ਦੌੜ' ਵਿੱਚੋਂ ਜੇਤੂ ਰਹੇਗਾ, ਉਸ ਨਾਲ ਰਾਜਾ ਆਪਣੀ ਧੀ ਦਾ ਵਿਆਹ ਕਰ ਦੇਵੇਗਾ। ਇਸ ਦੌੜ ਵਿੱਚੋਂ ਐਥਨਜ਼ ਦਾ ਰਾਜਕੁਮਾਰ ਜੇਤੂ ਰਿਹਾ। ਰਾਜਕੁਮਾਰ ਵਿਆਹ ਤੋਂ ਬਾਅਦ ਸ਼ੁਕਰਾਨੇ ਵਜੋਂ ਦੇਵਤਾ ਜੀਅਸ ਦੇ ਮੰਦਰ ਮੱਥਾ ਟੇਕਣ ਗਿਆ ਤੇ ਇਸੇ ਖੁਸ਼ੀ ਵਿੱਚ ਉਸ ਨੇ ਓਲੰਪੀਆ ਵਿਖੇ ਐਥਲੈਟਿਕ ਦੌੜਾਂ-ਆਦਿ ਖੇਡਾਂ ਕਰਾਈਆਂ। ਫਿਰ ਇਹ ਖੇਡਾਂ ਹਰ ਸਾਲ ਹੋਣ ਲੱਗੀਆਂ। ਇਸ ਤਰ੍ਹਾਂ ਓਲੰਪਿਕ ਖੇਡਾਂ ਦੀ ਸ਼ੁਰੂਆਤ ਹੋ ਗਈ।

ਮੰਨਿਆ ਜਾਂਦਾ ਹੈ ਕਿ ਪੰਜਵੀਂ, ਛੇਵੀਂ ਸਦੀ ਵਿੱਚ ਇਕ ਵਿਰੋਧੀ ਰਾਜੇ Theodosius ਦੇ ਕਬਜ਼ੇ ਕਾਰਨ ਇੱਥੋਂ ਦੇ ਸਾਰੇ ਮੰਦਰ ਢਾਹ ਦਿੱਤੇ ਗਏ ਤੇ ਇਹ ਖੇਡਾਂ ਵੀ ਬੰਦ ਕਰ ਦਿੱਤੀਆਂ ਗਈਆਂ। ਇਨ੍ਹਾਂ ਖੇਡਾਂ ਬਾਰੇ ਠੋਸ ਸਬੂਤ ਓਲੰਪੀਆਡ ਦੇ ਮੰਦਰਾਂ ਵਿੱਚੋਂ ਮਿਲੇ ਸਮਾਨ ਤੋਂ ਮਿਲਦੇ ਹਨ। ਇਸ ਸਮਾਨ ਵਿੱਚੋਂ 'ਕਰੋਈਬੋਸ' ਨਾਮ ਦੇ ਇੱਕ ਐਥਲੀਟ ਦੀ ਮੂਰਤੀ ਮਿਲੀ ਹੈ, ਜਿਸ ਉੱਤੇ 'ਓਲੰਪਿਕ ਚੈਂਪੀਅਨ 776 ਬੀ. ਸੀ.' ਲਿਖਿਆ ਹੋਇਆ ਹੈ। ਇਸ ਲਈ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਹੋ ਸਕਦਾ ਹੈ ਇਹ ਖੇਡਾਂ ਇਸ ਸਮੇਂ ਤੋਂ ਵੀ ਪਹਿਲਾਂ ਤੋਂ ਚੱਲਦੀਆਂ ਆ ਰਹੀਆਂ ਹੋਣ।

ਇਹਨਾਂ ਖੇਡਾਂ ਨੂੰ 1896 ਈ. ਵਿੱਚ ਮੁੜ ਸੁਰਜੀਤ ਕੀਤਾ ਗਿਆ, ਤੇ ਇਨ੍ਹਾਂ ਦੀ ਸ਼ੁਰੂਆਤ ਯੂਨਾਨ ਦੀ ਰਾਜਧਾਨੀ ਏਥਨਜ਼ ਤੋਂ ਹੋਈ। ਇਨ੍ਹਾਂ ਖੇਡਾਂ ਨੂੰ ਹੀ ਬਾਅਦ ਵਿੱਚ ਆਧੁਨਿਕ ਓਲੰਪਿਕ ਖੇਡਾਂ ਦੇ ਨਾਮ ਨਾਲ ਪੁਕਾਰਿਆ ਗਿਆ। ਇਨ੍ਹਾਂ ਖੇਡਾਂ ਵਿੱਚ 13 ਦੇਸਾਂ ਦੇ 241 ਖਿਡਾਰੀਆਂ ਨੇ ਹਿੱਸਾ ਲਿਆ ਸੀ। ਇਹਨਾਂ ਆਧੁਨਿਕ ਓਲੰਪਿਕ ਖੇਡਾਂ ਦੀ ਸ਼ੁਰੂਆਤ ਕਰਨ ਵਾਲੀ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਦਾ ਗਠਨ 13 ਜੂਨ 1894 ਨੂੰ ਕੀਤਾ ਗਿਆ। ਇਹ ਖੇਡਾਂ ਹਰ 4 ਸਾਲ ਬਾਅਦ ਕਰਾਉਣ ਦਾ ਨਿਯਮ ਬਣਾਇਆ ਗਿਆ। ਪਰ ਵਿਸ਼ਵ ਯੁੱਧਾਂ ਵਾਲੇ ਸਮੇਂ ਦੌਰਾਨ ਮਾਹੌਲ ਖਰਾਬ ਹੋਣ ਕਾਰਨ ਇਹ ਖੇਡਾਂ ਨਾ ਕਰਾਈਆਂ ਗਈਆਂ ਤੇ ਹੁਣ 2020 ਵਿੱਚ ਇਹ ਖੇਡਾਂ ਜਪਾਨ ਵਿੱਚ ਹੋਣੀਆਂ ਸਨ ਪਰ ਕੋਰੋਨਾ ਕਾਰਨ ਇਨ੍ਹਾਂ ਨੂੰ ਇੱਕ ਵਾਰ ਫਿਰ ਮੁਲਤਵੀ ਕਰਨਾ ਪਿਆ ਹੁਣ ਇਹ ਖੇਡਾਂ 2021 ਵਿੱਚ ਹੋਣਗੀਆਂ।

ਜਿੱਥੋਂ ਤੱਕ ਹਾਕੀ ਦਾ ਓਲੰਪਿਕ ਖੇਡਾਂ ਨਾਲ ਸੰਬੰਧ ਹੈ, ਉਹ 1900 ਈ. ਤੋਂ ਸ਼ੁਰੂ ਹੁੰਦਾ ਹੈ। 1900 ਈ. ਵਿੱਚ ਪੈਰਿਸ (ਫਰਾਂਸ) ਵਿਖੇ ਹੋਈਆਂ ਓਲੰਪਿਕ ਖੇਡਾਂ ਵਿੱਚ ਹਾਕੀ ਦਾ ਸ਼ੋਅ ਮੈਚ ਕਰਵਾਇਆ ਗਿਆ। ਫਿਰ 1908 ਈ. ਦੌਰਾਨ ਹਾਕੀ ਨੂੰ ਓਲੰਪਿਕ ਖੇਡਾਂ ਵਿੱਚ ਵੀ ਪ੍ਰਵਾਨ ਕਰ ਲਿਆ ਗਿਆ।1908 ਦਾ ਗੋਲਡ ਮੈਡਲ ਇੰਗਲੈਂਡ ਦੀ ਹਾਕੀ ਟੀਮ ਦੇ ਹਿੱਸੇ ਆਇਆ।

ਓਲੰਪਿਕ ਖੇਡਾਂ ਦੀ ਹਿੰਦੁਸਤਾਨ ਵਿੱਚ ਵੀ ਬਹੁਤ ਮਹੱਤਤਾ ਹੈ। ਜਿਹੜਾ ਵੀ ਖਿਡਾਰੀ ਇੱਕ ਵਾਰ ਵੀ ਓਲੰਪਿਕ ਖੇਡਾਂ ਵਿੱਚ ਹਿੱਸਾ ਲੈ ਲੈਂਦਾ ਹੈ, ਬੇਸ਼ੱਕ ਉਸਨੂੰ ਜਿੱਤ ਨਸੀਬ ਨਾ ਹੋਵੇ ਤਾਂ ਵੀ ਉਸਦੇ ਨਾਮ ਨਾਲ ਓਲੰਪੀਅਨ ਸ਼ਬਦ ਲੱਗ ਜਾਂਦਾ ਹੈ, ਤੇ ਉਸ ਖਿਡਾਰੀ ਨੂੰ ਹਮੇਸ਼ਾਂ ਸਤਿਕਾਰ ਨਾਲ ਦੇਖਿਆ ਜਾਂਦਾ ਹੈ ਕਿਉਂਕਿ ਓਲੰਪਿਕ ਖੇਡਾਂ ਵਿੱਚ ਕੁਆਲੀਫਾਈ ਕਰਨਾ ਵੀ ਬਹੁਤ ਵੱਡੀ ਗੱਲ ਹੈ।

ਹਿੰਦੁਸਤਾਨ ਦੀ ਹਾਕੀ ਟੀਮ ਪਹਿਲੀ ਵਾਰ 1928 ਈ. ਨੂੰ ਐਮਸਟਰਡਮ (ਨੀਦਰਲੈਂਡ) ਵਿਖੇ ਹੋ ਰਹੀਆਂ ਓਲੰਪਿਕ ਖੇਡਾਂ ਵਿੱਚ ਭਾਗ ਲੈਣ ਪੁੱਜੀ। ਕਮਾਲ ਦੀ ਗੱਲ ਇਹ ਕਿ ਪਹਿਲੀ ਵਾਰ ਹੀ ਭਾਰਤ ਦੀ ਟੀਮ ਜੇਤੂ ਰਹੀ, ਤੇ ਗੋਲਡ ਮੈਡਲ ਝੋਲੀ ਪਵਾ ਕੇ ਵਾਪਸ ਪਰਤੀ। ਇਸ ਤੋਂ ਬਾਅਦ ਭਾਰਤੀ ਹਾਕੀ ਟੀਮ ਲਗਾਤਾਰ 6 ਵਾਰ (1928, 1932, 1936, 1948, 1952, 1956) ਗੋਲਡ ਮੈਡਲ ਜਿੱਤਿਆ।

ਪਰ 1960 ਵਿੱਚ ਇਸ ਜਿੱਤ ਤੇ ਬਰੇਕ ਲੱਗ ਗਈ ਤੇ ਹਿੰਦੁਸਤਾਨ ਨੂੰ ਕਾਂਸੀ (Bronze) ਦੇ ਤਮਗੇ ਨਾਲ ਹੀ ਸਬਰ ਕਰਨਾ ਪਿਆ। ਭਾਰਤੀ ਟੀਮ ਅਗਲੀਆਂ ਓਲੰਪਿਕ ਖੇਡਾਂ (1964) ਵਿੱਚ ਫਿਰ ਜਬਰਦਸਤ ਤਿਆਰੀ ਨਾਲ ਮੈਦਾਨ ਵਿੱਚ ਉੱਤਰੀ ਤੇ ਵਾਪਸ ਗੋਲਡ ਮੈਡਲ ਤੇ ਕਾਬਜ਼ ਹੋਈ। ਫਿਰ 1968 ਤੇ 1972 ਵਿੱਚ ਤੀਸਰੇ ਸਥਾਨ ਤੇ ਰਹੀ ਤੇ ਕਾਂਸੀ ਦਾ ਤਮਗਾ ਹੀ ਹਾਸਲ ਕਰ ਸਕੀ। 1980 ਵਿੱਚ ਫਿਰ ਭਾਰਤੀ ਟੀਮ ਨੇ ਗੋਲਡ ਮੈਡਲ ਹਾਸਲ ਕੀਤਾ। ਇਸ ਤਰ੍ਹਾਂ ਭਾਰਤੀ ਹਾਕੀ ਟੀਮ ਓਲੰਪਿਕ ਖੇਡਾਂ ਵਿੱਚ ਦੁਨੀਆਂ ਦੀ ਸਭ ਤੋਂ ਵੱਧ ਗੋਲਡ ਮੈਡਲ ਜਿੱਤਣ ਵਾਲੀ ਟੀਮ ਹੈ। ਭਾਰਤ ਦੀ ਹੋਰ ਕੋਈ ਵੀ ਟੀਮ ਖੇਡਾਂ ਵਿੱਚ ਗੋਲਡ ਮੈਡਲ ਨਹੀਂ ਜਿੱਤ ਸਕੀ, ਇਹ ਰਿਕਾਰਡ ਸਿਰਫ ਹਾਕੀ ਦੇ ਹੀ ਹਿੱਸੇ ਆਇਆ ਹੈ। ਨਤੀਜੇ ਵਜੋਂ 1980 ਤੱਕ ਭਾਰਤੀ ਹਾਕੀ ਟੀਮ ਦੀ ਪੂਰੇ ਵਿਸ਼ਵ ਵਿੱਚ ਧਾਂਕ ਪੈ ਚੁੱਕੀ ਸੀ। ਕਬੱਡੀ ਵਾਂਗ ਹਾਕੀ ਵੀ ਪੰਜਾਬੀਆਂ ਦੇ ਖ਼ੂਨ ਵਿੱਚ ਰਚੀ ਹੋਈ ਸੀ। ਇਸ ਲਈ ਸ਼ੁਰੂ ਤੋਂ ਹੀ ਹਾਕੀ ਟੀਮ ਵਿੱਚ ਪੰਜਾਬੀਆਂ ਦੀ ਬਹੁਤਾਂਤ ਹੁੰਦੀ। ਜਲੰਧਰ ਦੇ ਇੱਕ ਪਿੰਡ ਸੰਸਾਰਪੁਰ ਨੇ ਹੀ ਹਾਕੀ ਨੂੰ 14 ਓਲੰਪੀਅਨ ਤੇ 18 ਦੇ ਲਗਭਗ ਅੰਤਰਰਾਸ਼ਟਰੀ ਖਿਡਾਰੀ ਦਿੱਤੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਪੰਜਾਬੀਆਂ ਦੇ ਹਾਕੀ ਪਿਆਰ ਨੂੰ ਦੇਖਦਿਆਂ ਹੋਇਆ ਅੱਠਵੇਂ ਦਹਾਕੇ ਦੇ ਮੁੱਢ ਵਿੱਚ ਨਾਮਧਾਰੀ ਬੱਚਿਆਂ ਨੂੰ ਵੀ ਹਾਕੀ ਲਈ ਪ੍ਰੇਰਨਾ ਸ਼ੁਰੂ ਕੀਤਾ। ਉਹਨਾਂ ਨੇ ਜੀਵਨ ਨਗਰ ਇਲਾਕੇ ਵਿੱਚ ਨਾਮਧਾਰੀ ਮੁੰਡਿਆਂ ਦੀ ਹਾਕੀ ਟੀਮ ਬਣਾਈ। ਇਸ ਟੀਮ ਦੇ ਮੁੱਢਲੇ ਕੋਚ ਪਾਲ ਸਿੰਘ, ਮੋਹਨਜੀਤ ਸਿੰਘ, ਬਲਦੇਵ ਸਿੰਘ (ਸ਼ਾਹਬਾਦ), ਇਕਬਾਲ ਸਿੰਘ ਚਾਹਲ ਤੇ ਸ. ਮੇਜਰ ਸਿੰਘ ਸਨ। ਫਿਰ ਸਮੇਂ-ਸਮੇਂ ਹੋਰ ਵੀ ਨਾਮੀ ਕੋਚ ਆਉਂਦੇ ਰਹੇ। ਟੀਮ ਨੂੰ ਹਰ ਸਹੂਲਤ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ, ਤੇ ਇਸ ਤਰ੍ਹਾਂ ਨਾਮਧਾਰੀ ਹਾਕੀ ਟੀਮ ਲਈ ਨਾਮਧਾਰੀ ਦਰਬਾਰ ਵੱਲੋਂ ਦਿਨ ਰਾਤ ਇੱਕ ਕਰ ਦਿੱਤਾ ਗਿਆ। ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਸ਼ੇਸ਼ ਧਿਆਨ ਅਤੇ ਪ੍ਰਬੰਧਕਾਂ ਤੇ ਕੋਚਾਂ ਦੀ ਸਖ਼ਤ ਮਿਹਨਤ ਸਦਕਾ ਅੱਠਵੇਂ ਦਹਾਕੇ ਦੇ ਅਖੀਰ ਤੱਕ ਹੀ ਨਾਮਧਾਰੀ ਇਲੈਵਨ ਨੇ ਨਤੀਜੇ ਦੇਣੇ ਸ਼ੁਰੂ ਕਰ ਦਿੱਤੇ। ਨਾਮਧਾਰੀ ਇਲੈਵਨ 1979 ਵਿੱਚ 'ਮਿੰਨੀ ਨੈਸ਼ਨਲਜ਼ (ਜਲੰਧਰ)' ਵਿੱਚ ਜੇਤੂ ਰਹੀ ਤੇ 1980 ਦੇ ਜਵਾਹਰ ਲਾਲ ਨਹਿਰੂ ਜੂਨੀਅਰ ਹਾਕੀ ਟੂਰਨਾਮੈਂਟ ਵਿੱਚ ਜੇਤੂ ਰਹੀ। ਇਸ ਤਰ੍ਹਾਂ ਨਾਮਧਾਰੀ ਟੀਮ ਦੀ ਮਿਹਨਤ ਰੰਗ ਲਿਆਉਣ ਲੱਗੀ। ਬੱਸ ਫੇਰ ਕੀ ਸੀ, ਨਾਮਧਾਰੀ ਟੀਮ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰਨ ਲੱਗੀ।ਨਤੀਜੇ ਵਜੋਂ ਨਾਮਧਾਰੀ ਇਲੈਵਨ ਨੇ ਕਈ ਓਲੰਪੀਅਨ ਅਤੇ ਅੰਤਰ-ਰਾਸ਼ਟਰੀ ਪੱਧਰ ਦੇ ਖਿਡਾਰੀ ਦੇਸ਼ ਦੀ ਝੋਲੀ ਪਾਏ। ਉਹਨਾ ਵਿੱਚੋਂ ਕੁਝ ਹੇਠ ਲਿਖੇ ਹਨ-

**ਓਲੰਪੀਅਨ ਹਰਦੀਪ ਸਿੰਘ ਗਰੇਵਾਲ-** ਹਰਦੀਪ ਸਿੰਘ ਗਰੇਵਾਲ ਨਾਮਧਾਰੀ ਟੀਮ ਨਾਲ ਸੰਬੰਧਿਤ ਪਹਿਲੇ ਓਲੰਪੀਅਨ ਹਨ। ਉਹਨਾਂ ਦਾ ਜਨਮ ਪੰਜਾਬ ਦੇ ਪ੍ਰਮੁੱਖ ਉਦਯੋਗਿਕ ਸ਼ਹਿਰ ਲੁਧਿਆਣਾ ਦੇ ਵਾਸੀ ਸੰਤ ਪਰਮਜੀਤ ਸਿੰਘ ਗਰੇਵਾਲ ਅਤੇ ਸਰਦਾਰਨੀ ਤਪਿੰਦਰਵੰਤ ਕੌਰ ਦੇ ਘਰ 5.10.1960 ਨੂੰ ਹੋਇਆ। ਉਹਨਾਂ ਨੇ ਮੁੱਢਲੀ ਸਿੱਖਿਆ ਅਤੇ ਹਾਕੀ ਦੀ ਸ਼ੁਰੂਆਤ ਪੀ.ਏ.ਯੂ. ਮਾਡਲ ਸਕੂਲ ਲੁਧਿਆਣਾ ਤੋਂ ਕੀਤੀ। ਉਪਰੰਤ ਗ੍ਰੈਜੂਏਸ਼ਨ ਆਰੀਆ ਕਾਲਜ ਲੁਧਿਆਣਾ ਤੋਂ ਕੀਤੀ। ਉਹਨਾਂ ਨੇ 1980 ਵਿੱਚ ਇੰਡੀਅਨ ਏਅਰਲਾਈਨ ਦੀ ਹਾਕੀ ਟੀਮ ਵਿੱਚ ਨੌਕਰੀ ਹਾਸਲ ਕੀਤੀ। ਪਰ 1989 ਤੋਂ ਬਾਅਦ ਇੰਡੀਅਨ ਏਅਰਲਾਈਨ ਨੂੰ ਤਿਆਗ ਪੱਤਰ ਦੇ ਕੇ ਨਾਮਧਾਰੀ ਹਾਕੀ ਟੀਮ ਵੱਲੋਂ ਖੇਡਣ ਲੱਗੇ। ਹਰਦੀਪ ਸਿੰਘ ਹੋਰਾਂ ਦੀਆਂ ਪ੍ਰਮੁੱਖ ਪ੍ਰਾਪਤੀਆਂਹੇਠ ਲਿਖੀਆਂ ਹਨ-

1. ਚੈਂਪੀਅਨਜ਼ ਟਰਾਫ਼ੀ ਕਰਾਚੀ (ਪਾਕਿਸਤਾਨ) 1983
2. ਓਲੰਪਿਕ ਗੇਮਜ਼ ਲਾਸ ਏਂਜਲਸ (ਅਮਰੀਕਾ) 1984
3. ਦੂਸਰਾ ਏਸ਼ੀਆ ਕੱਪ ਢਾਕਾ (ਬੰਗਲਾਦੇਸ਼) 1985
4. ਚੈਂਪੀਅਨ ਟਰਾਫ਼ੀ ਪਰਥ (ਆਸਟਰੇਲੀਆ) 1985
5. ਇੰਡੋ-ਪਾਕਿ ਟੈਸਟ ਸੀਰੀਜ਼ 1986
6. ਚੈਂਪੀਅਨਜ਼ ਟਰਾਫ਼ੀ ਕਰਾਚੀ (ਪਾਕਿਸਤਾਨ) 1986
7. 10ਵੀਆਂ ਏਸ਼ੀਅਨ ਖੇਡਾਂ ਸਿਓਲ (ਕੋਰੀਆ) 1986
8. ਛੇਵਾਂ ਵਿਸ਼ਵ ਕੱਪ ਲੰਡਨ (ਇੰਗਲੈਂਡ) 1986
9. ਵਿਸ਼ਵ ਕੱਪ ਲਾਹੌਰ (ਪਾਕਿਸਤਾਨ) 1990

ਹਰਦੀਪ ਸਿੰਘ ਗਰੇਵਾਲ ਨਿਮਰ ਤੇ ਮਿਲਾਪੜੇ ਸੁਭਾਅ ਦੇ ਮਾਲਕ ਹਨ। ਉਨ੍ਹਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦਾ ਬਹੁਤ ਪਿਆਰ ਮਿਲਿਆ। ਉਨ੍ਹਾਂ ਕੋਲ ਸਤਿਗੁਰੂ ਜੀ ਅਤੇ ਨਾਮਧਾਰੀ ਹਾਕੀ ਟੀਮ ਨਾਲ ਸਬੰਧਿਤ ਅਨੇਕਾਂ ਯਾਦਾਂ ਹਨ। ਉਹ ਦੱਸਦੇ ਹਨ ਕਿ 1989 ਦੇ ਯੂਰਪ ਟੂਰ ਤੋਂ ਬਾਅਦ ਜਦੋਂ ਸ੍ਰੀ ਭੈਣੀ ਸਾਹਿਬ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਆਇਆ ਤਾਂ ਕੋਠੀ ਅੱਗੇ ਖਲੋਤੇ ਹੋਇਆਂ, ਗੁਰੂ ਜੀ ਨੇ ਬਚਨ ਕੀਤਾ- "ਨੀਟੇ (ਹਰਦੀਪ ਸਿੰਘ ਦਾ ਛੋਟਾ ਨਾਮ) ਨੂੰ ਗਲਤ ਪਾਸ ਤੇ ਕਰਨਾ ਹੀ ਨਹੀਂ ਆਉਂਦਾ।" ਹਰਦੀਪ ਸਿੰਘ ਆਖਦੇ ਹਨ ਕਿ ਮੈਂ ਹਮੇਸ਼ਾ ਹੀ ਗੁਰੂ ਜੀ ਦੇ ਬਚਨ ਤੇ ਪੂਰਾ ਉਤਰਨ ਦੀ ਕੋਸ਼ਿਸ਼ ਕਰਦਾ ਰਿਹਾ ਹਾਂ।

ਨਾਮਧਾਰੀ ਹਾਕੀ ਟੀਮ ਦੀ ਆਮ ਲੋਕਾਂ ਤੋਂ ਬਿਨਾਂ ਸਰਕਾਰੀ ਪ੍ਰਸ਼ਾਸਨ ਵਿੱਚ ਵੀ ਕਿੰਨੀ ਹਰਮਨ ਪਿਆਰਤਾ ਸੀ, ਇਸ ਬਾਰੇ ਵੀ ਉਹ 1990-91 ਦੀ ਇੱਕ ਘਟਨਾ ਦੱਸਦੇ ਹਨ, ਮੈਂ (ਹਰਦੀਪ ਸਿੰਘ ਗਰੇਵਾਲ) ਦਿੱਲੀ ਤੋਂ ਲੁਧਿਆਣਾ ਵਾਪਸ ਆ ਰਿਹਾ ਸਾਂ, ਮਾਹੌਲ ਬਹੁਤ ਖਰਾਬ ਸੀ। ਮੈਨੂੰ ਹਰਿਆਣਾ ਵਿੱਚ ਦਾਖ਼ਲ ਹੁੰਦਿਆਂ ਹੀ ਇੱਕ ਪੁਲੀਸ ਵਾਲੇ ਨੇ ਰੋਕ ਲਿਆ ਅਤੇ ਪੁੱਛ-ਗਿੱਛ ਕਰਨ ਲੱਗਾ ਕਿ ਕਿਧਰੋਂ ਆਇਆ ਹੈਂ ਤੇ ਕਿੱਧਰ ਜਾਣਾ ਹੈ, ਵਗੈਰਾ-ਵਗੈਰਾ। ਮੈਂ ਦੱਸਿਆ ਕਿ ਮੈਂ ਹਾਕੀ ਖਿਡਾਰੀ ਹਾਂ ਅਤੇ ਨਾਮਧਾਰੀ ਟੀਮ ਵੱਲੋਂ ਖੇਡਦਾ ਹਾਂ। ਫਿਰ ਮੈਂ ਆਪਣਾ ਆਈ. ਡੀ. ਕਾਰਡ ਵਿਖਾਇਆ। ਉਹ ਵੇਖ ਕੇ ਕਹਿਣ ਲੱਗਾ- "ਅੱਛਾ! ਜਿਸ ਟੀਮ ਮੇਂ ਬੱਗਾ ਸਿੰਘ (ਇੱਕ ਨਾਮਧਾਰੀ ਖਿਡਾਰੀ) ਖੇਲਤਾ ਹੈ।" ਮੈਨੂੰ (ਹਰਦੀਪ ਸਿੰਘ) ਕੁਝ ਹੌਂਸਲਾ ਹੋਇਆ ਕਿ ਲੱਗਦਾ, ਇਸ ਨੂੰ ਨਾਮਧਾਰੀ ਹਾਕੀ ਟੀਮ ਬਾਰੇ ਪਤਾ ਹੈ। ਹੁਣ ਜ਼ਿਆਦਾ ਸਮਾਂ ਖਰਾਬ ਨਹੀਂ ਹੋਵੇਗਾ। ਨਤੀਜੇ ਵਜੋਂ ਪੁਲਿਸ ਵਾਲੇ ਨੇ ਉੱਥੋਂ ਸਤਿਕਾਰ ਸਹਿਤ ਤੋਰ ਦਿੱਤਾ।

**ਦੀਦਾਰ ਸਿੰਘ ਓਲੰਪੀਅਨ** - ਦੀਦਾਰ ਸਿੰਘ ਹਰਿਆਣਾ ਰਾਜ ਦਾ ਪਹਿਲਾ ਓਲੰਪੀਅਨ ਹੈ। ਉਸਦਾ ਜਨਮ ਨਾਮਧਾਰੀਆਂ ਦੇ ਗੜ੍ਹ ਇਲਾਕਾ ਜੀਵਨ ਨਗਰ ਦੇ ਪਿੰਡ ਸੰਤ ਨਗਰ, ਜ਼ਿਲ੍ਹਾ ਸਿਰਸਾ (ਹਰਿਆਣਾ) ਵਿਖੇ ਪਿਤਾ ਸ. ਸੰਤੋਖ ਸਿੰਘ ਦੇ ਘਰ ਸ੍ਰੀਮਤੀ ਅਜਮੇਰ ਕੌਰ ਦੀ ਕੁੱਖੋਂ 2 ਅਪ੍ਰੈਲ 1964 ਈ. ਨੂੰ ਹੋਇਆ। ਦੀਦਾਰ ਸਿੰਘ ਨੇ ਮੁੱਢਲੀ ਪੜਾਈ ਅਤੇ ਹਾਕੀ ਦੀ ਸ਼ੁਰੂਆਤ ਗੁਰੂ ਹਰੀ ਸਿੰਘ ਮਹਾਂਵਿਦਿਆਲਾ ਤੋਂ ਕੀਤੀ।

ਉਸਨੇ ਸ਼ੁਰੂ ਤੋਂ ਹੀ ਪੂਰੀ ਲਗਨ ਨਾਲ ਹਾਕੀ ਖੇਡਣੀ ਸ਼ੁਰੂ ਕੀਤੀ ਸੀ। ਨਤੀਜੇ ਵਜੋਂ ਉਹ ਵਧੀਆ ਫਾਰਵਰਡ ਸਾਬਿਤ ਹੋਇਆ। ਨਾਮਧਾਰੀ ਟੀਮ ਵਿਚ ਵਧੀਆ ਪ੍ਰਦਰਸ਼ਨ ਕਰਨ ਤੋਂ ਬਾਅਦ ਉਸਨੂੰ 1987 ਈ. ਵਿੱਚ ਇੰਡੀਆ ਕੈਂਪ ਵਿੱਚ ਸ਼ਾਮਿਲ ਕਰ ਲਿਆ ਗਿਆ। 1991 ਵਿੱਚ ਉਹ ਇੰਡੀਆ ਟੀਮ ਨਾਲ ਯੂਰਪ (ਇੰਗਲੈਂਡ, ਬੈਲਜ਼ੀਅਮ, ਸਪੇਨ, ਜਰਮਨੀ, ਫਰਾਂਸ) ਟੂਰ 'ਤੇ ਗਿਆ। ਜਿੱਥੇ ਦੀਦਾਰ ਸਿੰਘ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਸਦੀ ਖੇਡ ਬਾਰੇ ਕਈ ਅਖਬਾਰਾਂ ਨੇ ਲਿਖਿਆ- 'ਯੂਰਪ ਦੌਰੇ ਦੀ ਕਾਢ - ਦੀਦਾਰ ਸਿੰਘ ਨਾਮਧਾਰੀ'। ਇਸ ਦੌਰੇ ਦੇ ਕਈ ਮੈਚਾਂ ਵਿੱਚ ਦੀਦਾਰ ਸਿੰਘ 'ਮੈਨ ਆਫ ਦ ਮੈਚ' ਦੇ ਖਿਤਾਬ ਵੀ ਹਾਸਲ ਕਰਦਾ ਰਿਹਾ। 1992 ਦੇ ਬਾਰਸੀਲੋਨਾ (ਸਪੇਨ) ਵਿਖੇ ਹੋਈਆਂ ਓਲੰਪਿਕ ਖੇਡਾਂ ਵਿੱਚ ਦੀਦਾਰ ਸਿੰਘ ਨੂੰ ਵੀ ਭਾਰਤੀ ਟੀਮ ਵੱਲੋਂ ਖੇਡਣ ਦਾ ਮੌਕਾ ਮਿਲਿਆ।

ਭਾਰਤੀ ਹਾਕੀ ਟੀਮ ਵੱਲੋਂ ਖੇਡਦਿਆਂ ਸ਼ਾਨਦਾਰ ਪ੍ਰਦਰਸ਼ਨ ਕਰਨ ਤੋਂ ਬਾਅਦ ਦੀਦਾਰ ਸਿੰਘ ਨੇ 1999-2000 ਈ. ਦੇ ਸੈਸ਼ਨ ਦੌਰਾਨ 'ਸੁਭਾਸ਼ ਚੰਦਰ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਪਟਿਆਲਾ' ਤੋਂ ਕੋਚਿੰਗ ਦਾ ਡਿਪਲੋਮਾ ਕੀਤਾ।-ਉਪਰੰਤ 2001 ਤੋਂ 2016 ਤੱਕ ਲਗਾਤਾਰ 16 ਸਾਲ ਨਾਮਧਾਰੀ ਹਾਕੀ ਟੀਮ ਦੇ ਕੋਚ ਵਜੋਂ ਸੇਵਾ ਨਿਭਾਈ ਤੇ ਬਹੁਤ ਸਾਰੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਖਿਡਾਰੀ ਪੈਦਾ ਕੀਤੇ। ਇਸ ਦੀ ਕੋਚਿੰਗ ਹੇਠ ਨਾਮਧਾਰੀ ਹਾਕੀ ਟੀਮ ਨੇ ਕਈ ਵੱਡੀਆਂ ਜਿੱਤਾਂ ਪ੍ਰਾਪਤ ਕੀਤੀਆਂ। ਜਿਨ੍ਹਾਂ ਵਿੱਚ ਅਮਰੀਕਾ ਦਾ ਕੈਲੀਫੋਰਨੀਆ ਕੱਪ (2007, 2008) ਸਰੀ ਕੱਪ (2009) ਪ੍ਰਮੁੱਖ ਹਨ।

**ਗੁਰਨਾਮ ਸਿੰਘ ਗਾਮੀ (1992 ਓਲੰਪੀਅਨ ਦਾ ਸਟੈਂਡ ਰਾਖਵਾਂ ਖਿਡਾਰੀ) –** ਗੁਰਨਾਮ ਸਿੰਘ ਗਾਮੀ ਪਿੰਡ ਸੰਤ ਨਗਰ ਜ਼ਿਲ੍ਹਾ ਸਿਰਸਾ ਦਾ ਰਹਿਣ ਵਾਲਾ ਨਾਮਧਾਰੀ ਇਲੈਵਨ ਦਾ ਨਾਮੀ ਖਿਡਾਰੀ ਸੀ। ਉਹ ਦੀਦਾਰ ਸਿੰਘ ਓਲੰਪੀਅਨ ਦੇ ਗਰੁੱਪ ਦਾ ਹੀ ਖਿਡਾਰੀ ਸੀ। ਉਸਨੇ ਨਾਮਧਾਰੀ ਟੀਮ ਵਿੱਚ ਰਹਿੰਦਿਆਂ 1978 ਤੋਂ 1993-94 ਤੱਕ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਸ ਨੂੰ 1992 ਦੀਆਂ ਓਲੰਪਿਕ ਖੇਡਾਂ ਵਿੱਚ ਭਾਰਤੀ ਹਾਕੀ ਟੀਮ ਵਿੱਚ 'ਸਟੈਂਡ ਬਾਏ ਖਿਡਾਰੀ ਚੁਣਿਆ' ਗਿਆ ਅਰਥਾਤ ਜੇ ਕੋਈ ਖਿਡਾਰੀ ਕਿਸੇ ਕਾਰਨ ਟੀਮ ਵਿੱਚ ਨਾ ਖੇਡ ਸਕਿਆ ਤਾਂ ਉਸਦੀ ਥਾਂ 'ਤੇ ਗੁਰਨਾਮ ਸਿੰਘ ਗਾਮੀ ਨੂੰ ਲੈ ਲਿਆ ਜਾਵੇਗਾ।

ਹਰਦੀਪ ਸਿੰਘ, ਦੀਦਾਰ ਸਿੰਘ ਤੇ ਗੁਰਨਾਮ ਸਿੰਘ ਗਾਮੀ ਨਾਮਧਾਰੀ ਹਾਕੀ ਟੀਮ ਦੇ ਪਹਿਲੇ ਬੈਚ ਦੇ ਖਿਡਾਰੀ ਹਨ। ਇਸ ਟੀਮ ਨੇ ਜਦੋਂ ਖੇਡਣਾ ਸ਼ੁਰੂ ਕੀਤਾ ਤਾਂ ਬਹੁਤ ਸਾਰੀਆਂ ਟੀਮਾਂ ਨੂੰ ਹਾਕੀ ਮੈਦਾਨਾਂ ਵਿੱਚ ਟਿਕਣ ਨਾ ਦਿੱਤਾ। ਇਹ ਟੀਮ ਆਪਣੀ ਚੰਗੀ ਖੇਡ ਕਰਕੇ ਲੋਕਾਂ ਵਿੱਚ ਏਨੀ ਹਰਮਨ ਪਿਆਰੀ ਸੀ ਕਿ ਜਦੋਂ ਕਿਸੇ ਥਾਂ ਇਸ ਟੀਮ ਦਾ ਮੈਚ ਹੋਣਾ ਤਾਂ ਲੋਕ ਆਪਣੇ ਕੰਮ ਵਿੱਚੇ ਛੱਡ ਗਰਾਊਂਡ ਵੱਲ ਵਹੀਰਾਂ ਘੱਤ ਦਿੰਦੇ। ਇਸ ਟੀਮ ਬਾਰੇ ਲੋਕਾਂ ਵਿੱਚ ਕਈ ਕਿੱਸੇ ਪ੍ਰਚਲਿੱਤ ਹਨ। ਚਾਚਾ ਚੰਡੀਗੜੀਆ (ਗੁਰਨਾਮ ਸਿੰਘ ਤੀਰ) ਟੀਮ ਬਾਰੇ ਇੱਕ ਰੌਚਕ ਕਿੱਸਾ ਲਿਖਦਾ ਹੈ-

ਇੱਕ ਵਾਰ ਗਿਆਨੀ ਜ਼ੈਲ ਸਿੰਘ ਨੇ ਸਾਰੇ ਅਫ਼ਸਰਾਂ, ਖਿਡਾਰੀਆਂ ਤੇ ਵਰਕਰਾਂ ਦੀ ਇੱਕ ਉੱਚ ਪੱਧਰੀ ਮੀਟਿੰਗ ਕੀਤੀ, ਜਿਸ ਦਾ ਮਨੋਰਥ ਹਿੰਦੁਸਤਾਨ ਦੀ ਹਾਕੀ ਨੂੰ ਨਵੇਂ ਸਿਰੇ ਤੋਂ ਪੁਰਾਣੀ ਮਹਾਨਤਾ ਵੱਲ ਲੈ ਜਾਣਾ ਸੀ।

ਸਾਰੇ ਲੋਕ ਆਪੋ ਆਪਣੇ ਵਿਚਾਰ ਪੇਸ਼ ਕਰਦੇ ਗਏ। ਜਦੋਂ ਚਾਚਾ ਚੰਡੀਗੜ੍ਹੀਆ ਦੀ ਵਾਰੀ ਆਈ ਤਾਂ ਉਹਨਾਂ ਨੇ ਉੱਠ ਕੇ ਕਿਹਾ, "ਗਿਆਨੀ ਜੀ ਪਹਿਲੀ ਗੱਲ ਤਾਂ ਇਹ ਹੈ ਕਿ ਭਾਰਤੀ ਹਾਕੀ ਟੀਮ ਦੀ ਚੋਣ ਦਾ ਬੁਨਿਆਦੀ ਸਿਸਟਮ ਹੀ ਗਲਤ ਹੈ। ਤੁਸੀਂ ਇਸ ਦੀ ਚੋਣ ਇਸ ਤਰ੍ਹਾਂ ਕਰਦੇ ਹੋ ਜਿਵੇਂ ਭਾਰਤ ਦੀ ਪਾਰਲੀਮੈਂਟ ਦੇ ਮੈਬਰਾਂ ਦੀ ਕੀਤੀ ਜਾਂਦੀ ਹੈ। ਇੰਨੇ ਹਿੰਦੂ, ਇੰਨੇ ਬੰਗਾਲੀ, ਇੰਨੇ ਮੁਸਲਮਾਨ, ਇੰਨੇ ਪੰਜਾਬੀ, ਇੰਨੇ ਹਰੀਜਨ ਤੇ ਇਸ ਭਾਸ਼ਾ ਨੂੰ ਬੋਲਣ ਵਾਲੇ ਲੋਕ ਇਸ ਵਿੱਚ ਪਾਏ ਜਾਣ। ਇਹ ਤੁਸੀਂ ਕਦੇ ਵੇਖਿਆ ਹੀ ਨਹੀਂ ਕਿ ਇਨ੍ਹਾਂ ਵਿੱਚ ਹਾਕੀ ਖੇਡਣ ਵਾਲੇ ਕਿੰਨੇ ਹਨ। ਦਿਨੋ-ਦਿਨ ਹਾਕੀ ਦੀ ਦੁਰਦਸ਼ਾ ਕਿਉਂ ਹੋ ਰਹੀ ਹੈ? ਤੁਸੀਂ ਜੇ ਹਾਕੀ ਦੀ ਟੀਮ ਭੇਜੇ ਬਗੈਰ ਨਹੀਂ ਰਹਿ ਸਕਦੇ, ਤਾਂ ਕਿਰਪਾ ਕਰਕੇ ਭਾਰਤ ਦੀ ਹਾਕੀ ਟੀਮ ਭੇਜਣ ਦੀ ਥਾਂ ਨਾਮਧਾਰੀ ਹਾਕੀ ਟੀਮ ਭੇਜ ਦਿਓ। ਉਹ ਤੁਹਾਨੂੰ ਓਲੰਪਿਕ ਜਿੱਤ ਕੇ ਲਿਆ ਦੇਣਗੇ।"

ਗਿਆਨੀ ਜੀ ਹੱਸ ਪਏ, ਕਹਿਣ ਲੱਗੇ, "ਨਾਮਧਾਰੀ ਟੀਮ ਦੇ ਖਿਲਾੜੀ ਵਾਕਿਆ ਹੀ ਵਹਿੜਕਿਆਂ ਵਰਗੇ ਹਨ। ਇਹਨਾਂ ਦੇ ਕੋਈ ਵਾਹ ਲੱਗਦਿਆਂ ਨੇੜੇ ਨਹੀਂ ਲੱਗ ਸਕਦਾ। ਇੱਕ ਵਾਰ ਇਨ੍ਹਾਂ ਦੀ ਟੀਮ ਵਿੱਚੋਂ ਕੁੱਝ ਖਿਡਾਰੀ ਬਾਹਰ ਭੇਜਣ ਦਾ ਵਿਚਾਰ ਆਇਆ, ਪਰ ਕਛਹਿਰੇ ਤੇ ਆ ਕੇ ਗੱਲ ਅੜ ਗਈ। ਇਹ ਕਹਿਣ ਲੱਗੇ ਕਛਹਿਰਾ ਸਾਨੂੰ ਸਾਡੇ ਗੁਰੂ ਨੇ ਦਿੱਤਾ ਹੈ। ਇਹ ਅਸੀਂ ਲਾਹ ਨਹੀਂ ਸਕਦੇ। ਨਾ ਇਹਦੀ ਥਾਂ ਕੋਈ ਹੋਰ ਚੀਜ਼ ਪਹਿਨ ਸਕਦੇ ਹਾਂ। ਹਾਕੀ ਐਸੋਸੀਏਸ਼ਨ ਦੇ ਪ੍ਰਧਾਨ ਨੇ ਕਿਹਾ, "ਤੁਸੀਂ ਕਛਹਿਰੇ ਨਾ ਲਾਹੋ ਪਰ ਇਹਦੇ ਉੱਤੇ ਨਿੱਕਰ ਪਾ ਲਓ। ਉਹਨਾਂ ਖਿਡਾਰੀਆਂ ਵਿੱਚੋਂ ਇੱਕ ਕਹਿਣ ਲੱਗਾ, ਜੇ ਇਹ ਗੱਲ ਹੈ ਤਾਂ ਇਸ ਤਰ੍ਹਾਂ ਕਰਦੇ ਹਾਂ ਨਿੱਕਰ ਹੇਠਾਂ ਪਾ ਲੈਂਦੇ ਹਾਂ। ਕਛਹਿਰੇ ਉੱਪਰ ਪਾ ਲੈਂਦੇ ਹਾਂ। ਦੋਵੇਂ ਜ਼ਿੰਮੇਵਾਰੀਆਂ ਪੂਰੀਆਂ ਹੋ ਜਾਣਗੀਆਂ।"

ਗੁਰੂ ਗੋਬਿੰਦ ਸਿੰਘ ਮਹਾਰਾਜ ਵੱਲੋਂ ਬਖਸ਼ੇ ਗਏ ਕਛਹਿਰੇ ਦੇ ਸਨਮਾਨ ਨੇ ਨਾਮਧਾਰੀ ਟੀਮ ਨੂੰ ਭਾਰਤ ਦੀ ਹਾਕੀ ਟੀਮ ਨਾਲ ਮਿਲਵਰਤਣ ਦੇਣ ਤੋਂ ਵਾਂਝਿਆਂ ਰੱਖਿਆ, ਵਰਨਾ ਭਾਰਤ ਦੀ ਹਾਕੀ ਟੀਮ ਦੁਨੀਆਂ ਵਿੱਚ ਮੁੜ ਖੁੱਸਿਆ ਵਕਾਰ ਬਣਾ ਸਕਦੀ ਸੀ।

**ਹਰਪਾਲ ਸਿੰਘ ਓਲੰਪੀਅਨ –** ਨਾਮਧਾਰੀ ਹਾਕੀ ਟੀਮ ਦਾ ਅਗਲਾ ਓਲੰਪੀਅਨ ਹਰਪਾਲ ਸਿੰਘ ਹੈ। ਇਸ ਦਾ ਜਨਮ ਵੀ ਹਰਿਆਣਾ ਵਿੱਚ ਇਲਾਕਾ ਜੀਵਨ ਨਗਰ ਦੇ ਮਸ਼ਹੂਰ ਪਿੰਡ ਸੰਤ ਨਗਰ (ਸਿਰਸਾ) ਵਿਖੇ ਹੀ 11 ਅਕਤੂਬਰ 1983 ਨੂੰ ਮਾਤਾ ਬਲਵਿੰਦਰ ਕੌਰ ਪਿਤਾ ਸੂਬਾ ਬਲਕਾਰ ਸਿੰਘ ਦੇ ਘਰ ਹੋਇਆ। ਹਰਪਾਲ ਸਿੰਘ ਦੇ ਘਰ, ਪਿੰਡ ਤੇ ਧਾਰਮਿਕ ਦਾਇਰੇ (ਨਾਮਧਾਰੀ ਪੰਥ) ਵਿੱਚ ਹਾਕੀ ਦਾ ਮਾਹੌਲ ਸੀ। ਆਪਣੇ ਵੱਡੇ ਭਰਾ ਬਲਕਾਰ ਸਿੰਘ ਤੋਂ ਪ੍ਰੇਰਿਤ ਹੋ ਕੇ ਹਰਪਾਲ ਵੀ ਹਾਕੀ ਦੇ ਮੈਦਾਨ ਵਿੱਚ ਖੇਡਣ ਲਈ ਜਾਣ ਲੱਗ ਪਿਆ। ਮੁੱਢਲੀ ਕੋਚਿੰਗ ਬਲਦੇਵ ਸਿੰਘ (ਖੋਏ ਵਾਲੇ) ਤੇ ਗੁਰਮੇਜ ਸਿੰਘ ਤੋਂ ਲੈਣੀ ਸ਼ੁਰੂ ਕੀਤੀ। ਹੌਲੀ-ਹੌਲੀ ਹਰਪਾਲ ਨੂੰ ਸ੍ਰੀ ਭੈਣੀ ਸਾਹਿਬ ਉਚੇਰੀ ਕੋਚਿੰਗ ਲਈ ਭੇਜਣ ਵਾਲੇ ਬੱਚਿਆਂ ਵਿੱਚ ਚੁਣ ਲਿਆ ਗਿਆ। ਇੱਥੇ ਇਸਨੇ ਸ. ਹੀਰਾ ਸਿੰਘ, ਸ. ਦੀਦਾਰ ਸਿੰਘ ਓਲੰਪੀਅਨ, ਹਰਮਿੰਦਰ ਸਿੰਘ ਤੇ ਬਲਦੇਵ ਸਿੰਘ ਸ਼ਾਹਬਾਦ ਵਰਗੇ ਨਾਮੀ ਕੋਚਾਂ ਤੋਂ ਕੋਚਿੰਗ ਲਈ।

ਨਾਮਧਾਰੀ ਟੀਮ ਦੇ ਚੌਥੇ ਪੂਰ ਨੇ ਜਦੋਂ ਆਪਣੀਆਂ ਜਿੱਤਾਂ ਦਾ ਸਿਲਸਿਲਾ ਸ਼ੁਰੂ ਕੀਤਾ ਤਾਂ ਹਰਪਾਲ ਸਿੰਘ ਵੀ ਇਸ ਟੀਮ ਦਾ ਇੱਕ ਮਹੱਤਵਪੂਰਨ ਮੈਂਬਰ ਸੀ। ਹਰਪਾਲ ਸਿੰਘ ਦੀ ਸੋਹਣੀ ਖੇਡ ਨੂੰ ਵੇਖ ਕੇ ਭਾਰਤੀ ਹਾਕੀ ਫੈਡਰੇਸ਼ਨ ਨੇ ਹਰਪਾਲ ਦੀ ਚੋਣ ਹੈਦਰਾਬਾਦ ਵਿਖੇ ਹੋਣ ਵਾਲੀਆਂ ਪਹਿਲੀਆਂ ਐਫਰੋ-ਏਸ਼ੀਅਨ ਖੇਡਾਂ ਵਿੱਚ ਭਾਗ ਲੈਣ ਵਾਲੀ ਭਾਰਤੀ ਟੀਮ ਲਈ ਕਰ ਲਈ। ਇਨ੍ਹਾਂ ਖੇਡਾਂ ਵਿੱਚ ਹਰਪਾਲ ਸਿੰਘ ਦਾ ਪ੍ਰਦਰਸ਼ਨ ਕਾਬਲ-ਏ-ਤਾਰੀਫ਼ ਰਿਹਾ।

ਉਸ ਦੀਆਂ ਪ੍ਰਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ-

1. ਏਥਨਜ਼ (ਗਰੀਸ) ਓਲੰਪਿਕ ਖੇਡਾਂ-2004
2. ਚੈਂਪੀਅਨ ਟਰਾਫੀ, ਲਾਹੌਰ-2004
3. ਪਲੇਅਰ ਆਫ ਦਾ ਟੂਰਨਾਮੈਂਟ, ਇੰਡੀਆ ਪਾਕਿਸਤਾਨ ਸੀਰੀਜ਼-2004

19 ਜੁਲਾਈ 2003 ਨੂੰ ਭਾਰਤੀ ਹਾਕੀ ਟੀਮ ਲਖਨਊ ਦੇ ਰੇਲਵੇ ਸਟੇਸ਼ਨ 'ਤੇ ਪੁੱਜੀ। ਹਾਕੀ ਕੋਚ ਬਰਜਿੰਦਰਪਾਲ ਸਿੰਘ ਸਟੇਸ਼ਨ ਉੱਪਰ ਟੀਮ ਨੂੰ 'ਜੀ ਆਇਆਂ' ਕਹਿਣ ਲਈ ਆਇਆ। ਉਸਦਾ ਖਿਆਲ ਸੀ ਕਿ ਟੀਮ ਵਿੱਚ ਬਹੁਤ ਸਾਰੇ ਸਿੰਘ ਹਨ, ਉਹਨਾਂ ਵਿੱਚੋਂ ਖਾਲਸੇ ਦਾ ਦਰਸ਼ਨ ਹੋਵੇਗਾ, ਪਰ ਸਾਰੇ ਸਿੰਘ ਮੋਨੇ ਵੇਖ ਕੇ ਉਸਦਾ ਮਨ ਉਦਾਸ ਹੋ ਗਿਆ। ਪਰ ਹਰਪਾਲ ਸਿੰਘ ਦੀ ਸਿੱਧੀ ਦਸਤਾਰ ਨੇ ਮਨ ਖੁਸ਼ ਕਰ ਦਿੱਤਾ। ਫਿਰ ਉਸਨੇ ਸੱਤ ਦਿਨਾਂ ਬਾਅਦ 26 ਜੁਲਾਈ ਨੂੰ ਹਰਪਾਲ ਸਿੰਘ ਨੂੰ ਇੱਕ ਚਿੱਠੀ ਲਿਖ ਕੇ ਭੇਜੀ- "...............ਟੀਮ ਵਿੱਚ 'ਸਿੰਘਾਂ' ਦੀ ਲੰਬੀ ਸੂਚੀ ਵੇਖ ਕੇ ਆਪ ਜੀ (ਹਾਕੀ ਖਿਡਾਰੀਆਂ) ਦਾ ਲਖਨਊ ਆਉਣ ਦੀ ਖੁਸ਼ੀ ਵਿੱਚ 'ਜੀ ਆਇਆਂ' ਕਹਿਣ ਲਈ ਉਸੇ ਪੁਰਾਣੀ ਆਸ ਨਾਲ 19 ਜੁਲਾਈ ਨੂੰ ਮੈਂ ਵੀ ਰੁਝੇਵੇਂ ਛੱਡ ਕੇ

ਆਪਣੇ ਕੁਝ ਵੀਰਾਂ ਨਾਲ ਖਾਲਸੇ ਦੇ ਨਜ਼ਾਰੇ ਵੇਖਣ ਸਟੇਸ਼ਨ 'ਤੇ ਗਿਆ ਸੀ। ਪਰ ਸੱਚ! ਉਸ ਕਲਗੀਆਂ ਵਾਲੇ ਦੀ ਸਹੁੰ, ਮੇਰੀਆਂ ਅੱਖੀਆਂ ਦਸਤਾਰ ਵੇਖਣ ਨੂੰ ਤਰਸ ਗਈਆਂ। ਮੈਂ ਤਾਂ ਸੋਚਿਆ ਸੀ ਕਿ ਪੱਗਾਂ ਹੀ ਪੱਗਾਂ ਦਿਸਣਗੀਆਂ ਕਿਉਂਕਿ ਇੱਕ ਪੱਗ ਸੈਂਕੜਿਆਂ 'ਤੇ ਭਾਰੂ ਹੁੰਦੀ ਹੈ। ਮੰਨਿਆ ਸਫ਼ਰ ਕਰਕੇ ਆਏ ਸੀ, ਚੱਲੋ ਪਗੜੀ ਨਹੀਂ ਪਟਕੇ ਹੀ ਸਿਰਾਂ 'ਤੇ ਹੁੰਦੇ। ਕੁਝ ਨੇ ਤਾਂ ਸਰੂਪ (ਕੇਸ) ਹੀ ਨਹੀਂ ਰੱਖਿਆ। ਕੁਝ ਜਿੰਨਾਂ ਰੱਖੇ, ਉਨ੍ਹਾਂ ਵੀ ਟੋਪੀ ਪਾਈ ਹੋਈ ਸੀ। ਸ਼ਾਇਦ ਆਪਣੇ ਆਪ ਨੂੰ ਸਿੱਖੀ ਤੋਂ ਜਾਂ ਆਪਣੀ ਸਿੱਖੀ ਨੂੰ ਛੁਪਾਈ ਫਿਰਦੇ ਸਨ।.... ਐਸੀਆਂ ਕਿਹੜੀਆਂ ਭੀੜਾਂ ਆਣ ਪਈਆਂ ਕਿ ਅੱਜ ਸਿੱਖ ਆਪਣੇ ਆਪ ਨੂੰ ਸਿੱਖ ਪੇਸ਼ ਕਰਨ ਲਈ ਵੀ ਸ਼ਰਮ ਮਹਿਸੂਸ ਕਰ ਰਿਹਾ ਹੈ। ਐਸੀ ਨੌਬਤ ਤਾਂ ਮੀਰ ਮੰਨੂ, ਫ਼ਰਖ਼ਸੀਅਰ ਅਤੇ ਔਰੰਗੇ ਵੇਲੇ ਵੀ ਨਹੀਂ ਸੀ, ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ।.... ਉਸ ਵੇਲੇ ਇੱਕ ਸਿੱਖ ਸਰੂਪ (ਪਗੜੀ ਵਾਲਾ) ਦਿੱਸਿਆ। ਮੈਂ ਭੱਜ ਕੇ ਉਸ ਕੋਲ ਗਿਆ, ਖੁਸ਼ੀ ਵਿੱਚ ਗਲਾ ਭਰ ਆਇਆ, ਅੱਖਾਂ ਭਿੱਜ ਗਈਆਂ, ਨਾਂ ਵੀ ਨਹੀਂ ਪੁੱਛ ਪਾ ਰਿਹਾ ਸੀ। ਤੀਜੀ ਵਾਰ ਵਿੱਚ ਬੋਲ ਸਕਿਆ ਅਤੇ ਨਾਂ ਪੁੱਛਿਆ, ਪਤਾ ਲੱਗਾ ਸ. ਹਰਪਾਲ ਸਿੰਘ ਹਨ। ਧੰਨ ਵੀਰੇ। ਪਾਤਸ਼ਾਹ ਤੈਨੂੰ ਚੜ੍ਹਦੀ ਕਲਾ ਬਖਸ਼ਣ। ਤੈਂ ਬਾਣੇ ਦੀ ਲਾਜ ਰੱਖੀ ਹੈ।......"

ਸਾਰੀ ਹੀ ਚਿੱਠੀ ਵਿੱਚ ਸਾਬਕਾ ਕੋਚ ਬਰਜਿੰਦਰਪਾਲ ਸਿੰਘ ਨੇ ਸਿੱਖ ਕੋਚਾਂ ਤੇ ਖਿਡਾਰੀਆਂ ਵੱਲੋਂ ਕੇਸ ਕਟਵਾਉਣ ਤੇ ਦੁੱਖ ਪ੍ਰਗਟ ਕੀਤਾ ਅਤੇ ਪਿਛਲੇ ਸਮੇਂ ਦੇ ਉਨ੍ਹਾਂ ਖਿਡਾਰੀਆਂ ਨੂੰ ਯਾਦ ਕੀਤਾ ਜੋ ਸਿੱਖੀ ਸਰੂਪ ਵਿੱਚ ਖੇਡਦੇ ਰਹੇ। ਇਹ ਕੋਚ ਚਿੱਠੀ ਲਿਖਣ ਸਮੇਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਯੂ. ਪੀ. ਸਟੇਟ ਦਾ ਸਕੱਤਰ ਵੀ ਸੀ। ਅੱਜ ਕੱਲ੍ਹ ਇਹ ਸੱਜਣ ਇਸ ਸੰਸਥਾ ਦਾ ਚੀਫ ਕੋਲੇਬਰੇਟਰ ਹੈ। ਵੈਸੇ ਇਸ ਸੰਸਥਾ ਦਾ ਮੁੱਖ ਦਫ਼ਤਰ ਲੁਧਿਆਣਾ (ਪੰਜਾਬ) ਵਿੱਚ ਹੈ।

ਹਰਪਾਲ ਸਿੰਘ ਅੱਜ-ਕੱਲ੍ਹ ONGC ਵਿੱਚ ਮੈਨੇਜਰ ਦੀ ਪੋਸਟ 'ਤੇ ਤਾਇਨਾਤ ਹੈ। ਇਹ ਕਿਹਾ ਜਾ ਸਕਦਾ ਹੈ ਕਿ ਜਿਸ ਉਦੇਸ਼ ਨਾਲ ਨਾਮਧਾਰੀ ਹਾਕੀ ਟੀਮ ਸ਼ੁਰੂ ਕੀਤੀ ਗਈ ਸੀ, ਹਰਪਾਲ ਸਿੰਘ ਉਸ 'ਤੇ ਖਰਾ ਉੱਤਰਿਆ।

**ਸਰਦਾਰ ਸਿੰਘ ਓਲੰਪੀਅਨ –** ਜਦੋਂ 1997 ਦੀ ਵੰਡ ਹੋਈ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਾਕਿਸਤਾਨੋਂ ਉੱਜੜ ਕੇ ਆਏ ਅਣਗਿਣਤ ਨਾਮਧਾਰੀਆਂ ਨੂੰ ਜ਼ਮੀਨਾਂ ਵੰਡ ਕੇ ਤੇ ਹੋਰ ਹਰ ਸੰਭਵ ਮਦਦ ਕਰਕੇ ਜੀਵਨ ਨਗਰ (ਸਿਰਸਾ) ਇਲਾਕੇ ਵਿੱਚ ਵਸਾਇਆ। ਨਾਮਧਾਰੀਆਂ ਦੇ ਇਸੇ ਇਲਾਕੇ ਦੇ ਮਸ਼ਹੂਰ ਪਿੰਡ ਸੰਤ ਨਗਰ ਵਿੱਚ ਸ. ਗੁਰਨਾਮ ਸਿੰਘ ਅਤੇ ਸ੍ਰੀਮਤੀ ਜਸਬੀਰ ਕੌਰ ਦਾ ਇੱਕ ਸਧਾਰਨ ਜਿਹਾ ਗੁਰਸਿੱਖ ਪਰਵਾਰ ਵੱਸਦਾ ਸੀ। ਇਸ ਜੋੜੀ ਘਰ 15 ਜੁਲਾਈ 1986 ਨੂੰ ਸਰਦਾਰ ਸਿੰਘ ਦਾ ਜਨਮ ਹੋਇਆ। ਨਾਮਧਾਰੀ ਪੰਥ ਦੇ ਅਨਮੋਲ ਹੀਰੇ ਅਤੇ ਗੁਰਬਾਣੀ ਦੇ ਮਹਾਨ ਗਿਆਤਾ ਮਾਸਟਰ ਦਰਸ਼ਨ ਸਿੰਘ, ਸਰਦਾਰ ਸਿੰਘ ਦੇ ਨਾਨਾ ਜੀ ਸਨ। ਇਸ ਤਰ੍ਹਾਂ ਸਰਦਾਰ ਸਿੰਘ ਨਾਨਕਿਆਂ ਤੇ ਦਾਦਕਿਆਂ ਦੋਵਾਂ ਪੱਖਾਂ ਤੋਂ ਪੱਕੇ ਨਾਮਧਾਰੀਆਂ ਦੇ ਘਰ ਜੰਮਿਆ। ਇਸ ਲਈ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰੇਰਨਾ ਸਦਕਾ ਗੁਰਨਾਮ ਸਿੰਘ ਨੇ ਆਪਣੇ ਦੋਵੇਂ ਪੁੱਤਰ ਵੱਡਾ ਦੀਦਾਰ ਸਿੰਘ ਤੇ ਛੋਟਾ ਸਰਦਾਰ ਸਿੰਘ ਹਾਕੀ ਖੇਡਣ ਲਾ ਦਿੱਤੇ। ਸਰਦਾਰ ਸਿੰਘ ਨੇ ਮੁੱਢਲੀ ਪੜ੍ਹਾਈ ਅਤੇ ਹਾਕੀ ਸ੍ਰੀ ਗੁਰੂ ਹਰੀ ਸਿੰਘ ਮਹਾਂ-ਵਿਦਿਆਲਾ ਜੀਵਨ ਨਗਰ ਤੋਂ ਸ਼ੁਰੂ ਕੀਤੀ। ਫਿਰ ਉਹ ਆਪਣੀ ਹਾਕੀ ਨੂੰ ਹੋਰ ਨਿਖਾਰਨ ਲਈ ਨਾਮਧਾਰੀ ਸਪੋਰਟਸ ਅਕੈਡਮੀ ਸ੍ਰੀ ਭੈਣੀ ਸਾਹਿਬ ਆ ਗਿਆ। ਇੱਥੇ ਉਸ ਨੂੰ ਸੀਨੀਅਰ ਨਾਮਧਾਰੀ ਟੀਮ ਨਾਲ ਖੇਡਣ ਦਾ ਮੌਕਾ ਮਿਲਿਆ। ਉਸ ਨੂੰ ਬਲਦੇਵ ਸਿੰਘ ਸ਼ਾਹਬਾਦ, ਹੀਰਾ ਸਿੰਘ, ਦੀਦਾਰ ਸਿੰਘ ਓਲੰਪੀਅਨ ਤੇ ਹਰਮਿੰਦਰਪਾਲ ਸਿੰਘ ਵਰਗੇ ਕੋਚਾਂ ਦੀ ਕੋਚਿੰਗ ਮਿਲੀ।

ਨਾਮਧਾਰੀ ਹਾਕੀ ਟੀਮ ਵਿੱਚ ਖੇਡਦਾ ਹੋਇਆ ਸਰਦਾਰ ਸਿੰਘ ਦਿਨ-ਬ-ਦਿਨ ਤਰਾਸ਼ਿਆ ਜਾ ਰਿਹਾ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦਾ ਥਾਪੜਾ, ਨਾਮਧਾਰੀ ਇਲੈਵਨ ਦਾ ਮਿਸ਼ਨ ਤੇ ਸਰਦਾਰ ਸਿੰਘ ਦਾ ਜਨੂੰਨ ਇੱਕ ਦਿਨ ਰੰਗ ਲਿਆਇਆ ਤੇ ਉਹ ਹਾਕੀ ਖੇਡ ਜਗਤ ਵਿੱਚ 'ਵਧੀਆ ਧਾਵਕ ਤੇ ਬੈਸਟ ਮਿਡਫੀਲਡਰ' ਦੇ ਤੌਰ 'ਤੇ ਸੂਰਜ ਵਾਂਗ ਚਮਕਿਆ। ਉਸਦੀ 2004 ਵਿੱਚ ਭਾਰਤੀ ਹਾਕੀ ਟੀਮ ਵਿੱਚ ਚੋਣ ਹੋ ਗਈ। ਉਸ ਤੋਂ ਬਾਅਦ 12 ਸਤੰਬਰ 2018 (ਜਦੋਂ ਉਸ ਨੇ ਇੰਟਰਨੈਸ਼ਨਲ ਹਾਕੀ ਤੋਂ ਸੰਨਿਆਸ ਲਿਆ) ਤੱਕ ਸਾਰੇ ਹਾਕੀ ਖੇਡ ਜਗਤ ਵਿੱਚ ਸਰਦਾਰ ਸਿੰਘ-ਸਰਦਾਰ ਸਿੰਘ ਹੁੰਦੀ ਰਹੀ। ਕਦੀ ਉੱਤਮ ਖਿਡਾਰੀ, ਕਦੀ ਬੈਸਟ ਮਿਡ ਫੀਲਡਰ, ਪਲੇਅਰ ਆਫ ਦ ਟੂਰਨਾਮੈਂਟ, ਯੰਗ ਪਲੇਅਰ ਆਫ ਦ ਟੂਰਨਾਮੈਂਟ, ਹਾਕੀ ਦਾ ਮਾਣ, ਹਾਕੀ ਦਾ ਸਰਦਾਰ, ਹਾਕੀ ਦਾ ਸਿਤਾਰਾ, ਹਾਕੀ ਦਾ ਹੀਰੋ ਆਦਿ ਖਿਤਾਬ ਤੇ ਨਾਮ ਮਿਲਦੇ ਰਹੇ। ਉਹ 2006 ਵਿੱਚ ਭਾਰਤੀ ਹਾਕੀ ਟੀਮ ਦਾ ਕਪਤਾਨ ਬਣਿਆ। ਉਸ ਤੋਂ ਬਾਅਦ 2018 ਤੱਕ ਕਈ ਵਾਰੀ ਉਸਨੂੰ ਭਾਰਤੀ ਹਾਕੀ ਟੀਮ ਦੀ ਕਪਤਾਨੀ ਕਰਨ ਦਾ ਮੌਕਾ

ਮਿਲਿਆ। ਇਸ ਦੌਰਾਨ ਉਹ 2012 ਦੀਆਂ ਓਲੰਪਿਕ ਖੇਡਾਂ ਸਮੇਂ ਉਪ ਕਪਤਾਨ ਅਤੇ 2014 ਦੇ ਵਿਸ਼ਵ ਕੱਪ ਦੌਰਾਨ ਵੀ ਭਾਰਤੀ ਹਾਕੀ ਟੀਮ ਦਾ ਕਪਤਾਨ ਰਿਹਾ। ਅੰਤਰ-ਰਾਸ਼ਟਰੀ ਹਾਕੀ ਸੰਸਥਾ ਵੱਲੋਂ ਚੁਣੀ ਜਾਂਦੀ ਵਿਸ਼ਵ ਇਲੈਵਨ (All Star World Elevn) ਵਿੱਚ ਸਰਦਾਰ ਸਿੰਘ ਲਗਾਤਾਰ ਦੋ ਵਾਰ 2010 ਤੇ 2011 ਵਿੱਚ ਚੁਣਿਆ ਗਿਆ।

ਉਸ ਨੂੰ ਦੋ ਵਾਰ (2012 ਤੇ 2016) ਵਿੱਚ ਭਾਰਤੀ ਹਾਕੀ ਟੀਮ ਵਲੋਂ ਓਲੰਪਿਕ ਖੇਡਾਂ ਵਿੱਚ ਭਾਗ ਲੈਣ ਦਾ ਮਾਣ ਮਿਲਿਆ। ਸਰਦਾਰ ਸਿੰਘ ਨੇ ਭਾਰਤੀ ਹਾਕੀ ਟੀਮ ਵੱਲੋਂ ਕੁੱਲ 314 ਅੰਤਰ-ਰਾਸ਼ਟਰੀ ਮੈਚ ਖੇਡੇ।

ਸਰਦਾਰ ਸਿੰਘ ਦੀਆਂ ਪ੍ਰਾਪਤੀਆਂ ਦੀ ਗਿਣਤੀ ਕਰਨੀ ਹੋਵੇ ਤਾਂ ਸੈਂਕੜਿਆਂ ਤੱਕ ਚਲੀ ਜਾਵੇਗੀ। ਪਰ ਅਸੀਂ ਇੱਥੇ ਉਸਦੀਆਂ ਬਹੁਤ ਹੀ ਖਾਸ ਪ੍ਰਾਪਤੀਆਂ ਦਾ ਜ਼ਿਕਰ ਕਰ ਰਹੇ ਹਾਂ-

1. ਕਾਮਨਵੈਲਥ ਗੇਮਜ਼ - 2006
2. ਚੈਂਪੀਅਨਜ਼ ਟਰਾਫੀ, ਬੈਲਜ਼ੀਅਮ, ਤੀਜਾ ਸਥਾਨ - 2007
3. ਏਸ਼ੀਆ ਕੱਪ, ਚੇਨੱਈ (ਭਾਰਤ), ਪਹਿਲਾ ਸਥਾਨ - 2007
4. ਏਸ਼ੀਅਨ ਗੇਮਜ਼ (Guangzhou), ਤੀਜਾ ਸਥਾਨ - 2010
5. ਕਾਮਨਵੈਲਥ ਗੇਮਜ਼, ਦਿੱਲੀ, ਦੂਜਾ ਸਥਾਨ - 2010
6. ਵਿਸ਼ਵ ਕੱਪ, ਦਿੱਲੀ - 2010
7. ਏਸ਼ੀਅਨ ਚੈਂਪੀਅਨ ਟਰਾਫੀ, ਦੋਹਾ (ਕਤਰ), ਦੂਸਰਾ ਸਥਾਨ - 2012
8. ਓਲੰਪਿਕ ਗੇਮਜ਼ - 2012
9. ਏਸ਼ੀਆ ਕੱਪ, Ipoh-(ਮਲੇਸ਼ੀਆ) ਦੂਜਾ ਸਥਾਨ - 2013
10. ਏਸ਼ੀਅਨ ਗੇਮਜ਼, Incheon (ਸਾਊਥ ਕੋਰੀਆ), ਪਹਿਲਾ ਸਥਾਨ - 2014
11. ਕਾਮਨਵੈਲਥ ਗੇਮਜ਼, ਗਲਾਸਗੋ (ਸਕਾਟਲੈਂਡ), ਦੂਜਾ ਸਥਾਨ - 2014
12. ਵਿਸ਼ਵ ਕੱਪ, The Hague (ਨੀਦਰਲੈਂਡ) - 2014
13. ਓਲੰਪਿਕ,ਰੀਓ (ਬ੍ਰਾਜ਼ੀਲ) - 2016
13. ਏਸ਼ੀਅਨ ਚੈਂਪੀਅਨ ਟਰਾਫੀ, Kuantan (ਮਲੇਸ਼ੀਆ), ਪਹਿਲਾ ਸਥਾਨ - 2016
14. ਏਸ਼ੀਅਨ ਕੱਪ, ਢਾਕਾ (ਬੰਗਲਾ ਦੇਸ਼), ਪਹਿਲਾ ਸਥਾਨ - 2017
15. ਏਸ਼ੀਅਨ ਗੇਮਜ਼, ਜਕਾਰਤਾ, ਤੀਜਾ ਸਥਾਨ - 2018

ਸਰਦਾਰ ਸਿੰਘ ਦੀਆਂ ਪ੍ਰਾਪਤੀਆਂ ਨੂੰ ਵੇਖਦੇ ਹੋਏ 2008 ਵਿੱਚ ਹਰਿਆਣਾ ਸਰਕਾਰ ਨੇ ਖੇਡ ਕੋਟੇ ਵਿੱਚੋਂ ਉਸ ਨੂੰ ਹਰਿਆਣਾ ਪੁਲਿਸ ਵਿੱਚ ਡੀ. ਐਸ. ਪੀ. ਦੀ ਪੋਸਟ 'ਤੇ ਤਾਇਨਾਤ ਕੀਤਾ। ਭਾਰਤ ਸਰਕਾਰ ਨੇ ਵੀ ਉਸਨੂੰ ਸਮੇਂ-ਸਮੇਂ ਸਿਰ ਕਈ ਸਨਮਾਨਾਂ ਨਾਲ ਸਨਮਾਨਿਤ ਕੀਤਾ।

1. ਅਰਜੁਨ ਐਵਾਰਡ - 2012
2. ਪਦਮ ਸ੍ਰੀ ਐਵਾਰਡ - 2015
3. ਰਾਜੀਵ ਗਾਂਧੀ ਖੇਲ ਰਤਨ ਪੁਰਸਕਾਰ - 2017
4. ਭੀਮ ਸੈਨ ਐਵਾਰਡ - 2017 (ਹਰਿਆਣਾ ਸਰਕਾਰ-ਵੱਲੋਂ)

**ਨਾਮਧਾਰੀ ਅੰਤਰ-ਰਾਸ਼ਟਰੀ ਖਿਡਾਰੀ**

ਉਪਰੋਕਤ ਓਲੰਪੀਅਨ ਖਿਡਾਰੀਆਂ ਤੋਂ ਬਿਨਾਂ ਨਾਮਧਾਰੀ ਹਾਕੀ ਅਕੈਡਮੀ ਨੇ ਬਹੁਤ ਸਾਰੇ ਅੰਤਰ-ਰਾਸ਼ਟਰੀ ਖਿਡਾਰੀ ਵੀ ਪੈਦਾ ਕੀਤੇ, ਜੋ ਭਾਰਤੀ ਹਾਕੀ ਟੀਮ ਦੀ ਜੂਨੀਅਰ ਤੇ ਸੀਨੀਅਰ ਵਰਗਾਂ ਵਿੱਚ ਨੁਮਾਇੰਦਗੀ ਕਰਦੇ ਰਹੇ।

**ਭਾਰਤ ਵੱਲੋਂ ਖੇਡਣ ਵਾਲੇ ਖਿਡਾਰੀ-**

**ਕਾਬਲ ਸਿੰਘ -** ਕਾਬਲ ਸਿੰਘ ਦਾ ਜਨਮ ਸ. ਦਰਸ਼ਨ ਸਿੰਘ ਘਰ ਹੋਇਆ। ਉਸਦਾ ਪਿੰਡ ਸ਼ੇਖੂਖੇੜਾ (ਜੀਵਨ ਨਗਰ) ਹੈ। ਕਾਬਲ ਸਿੰਘ ਅੱਜ-ਕੱਲ੍ਹ ਰੇਲਵੇ ਵਿੱਚ ਨੌਕਰੀ ਕਰਦਾ ਹੈ। ਉਸਦੀ ਪ੍ਰਮੁੱਖ ਪ੍ਰਾਪਤੀ ਹੇਠ ਲਿਖੀ ਹੈ-

1. ਸਕੂਲ ਏਸ਼ੀਅਨ ਟੂਰਨਾਮੈਂਟ, ਪਹਿਲਾ ਸਥਾਨ, ਚੰਡੀਗੜ੍ਹ - 1994

**ਦੀਦਾਰ ਸਿੰਘ ਜੂਨੀਅਰ -** ਦੀਦਾਰ ਸਿੰਘ ਭਾਰਤੀ ਹਾਕੀ ਟੀਮ ਵਿੱਚ ਖੇਡਦਾ ਰਿਹਾ ਹੈ, ਉਹ ਸਰਦਾਰ ਸਿੰਘ ਦਾ ਵੱਡਾ ਭਰਾ ਹੈ। ਉਸਦਾ ਜਨਮ ਪਿੰਡ ਸੰਤਨਗਰ, ਸਿਰਸਾ (ਹਰਿਆਣਾ) ਵਿਖੇ ਸ. ਗੁਰਨਾਮ ਸਿੰਘ ਦੇ ਘਰ ਹੋਇਆ। ਦੀਦਾਰ ਸਿੰਘ ਅੱਜ-ਕੱਲ੍ਹ ਇੰਡੀਅਨ ਆਇਲ ਵਿੱਚ ਨੌਕਰੀ ਕਰਦਾ ਹੈ। ਉਸਦੀਆਂ ਪ੍ਰਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ-

1. ਚੈਂਪੀਅਨ ਟਰਾਫੀ, ਹਾਲੈਂਡ - 2003
2. ਏਸ਼ੀਆ ਕੱਪ, ਮਲੇਸ਼ੀਆ, ਪਹਿਲਾ ਸਥਾਨ - 2003
3. ਭਾਰਤ-ਹਾਲੈਂਡ ਟੈਸਟ ਸੀਰੀਜ਼, ਹੈਦਰਾਬਾਦ (ਭਾਰਤ) - 2004
4. ਜੂਨੀਅਰ ਭਾਰਤ-ਮਲੇਸ਼ੀਆ ਟੈਸਟ ਸੀਰੀਜ਼,

ਹੈਦਰਾਬਾਦ (ਭਾਰਤ) - 2007
5. ਭਾਰਤ-ਪਾਕਿ ਟੈਸਟ ਸੀਰੀਜ਼ - 2006
6. ਕਾਮਨਵੈਲਥ ਗੇਮਜ਼, ਮੈਲਬੌਰਨ - 2006

**ਅਜਮੇਰ ਸਿੰਘ -** ਅਜਮੇਰ ਸਿੰਘ ਦਾ ਜਨਮ ਸ. ਲਾਲ ਸਿੰਘ ਦੇ ਘਰ ਪਿੰਡ ਸੰਤ ਨਗਰ ਵਿਖੇ ਹੋਇਆ। ਉਹ ਭਾਰਤੀ ਹਾਕੀ ਟੀਮ ਦਾ ਮੈਂਬਰ ਰਿਹਾ ਹੈ ਤੇ ਅੱਜਕਲ੍ਹ ਏਅਰ ਇੰਡੀਆ ਵਿੱਚ ਨੌਕਰੀ ਕਰਦਾ ਹੈ। ਉਸਦੀਆਂ ਪ੍ਰਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ-

1. ਸਬ-ਜੂਨੀਅਰ ਏਸ਼ੀਆ ਕੱਪ, ਸਿੰਘਾਪੁਰ, ਪਹਿਲਾ ਸਥਾਨ - 2003
2. ਆਸਟਰੇਲੀਆ ਟੂਰ (ਜੂਨੀਅਰ)-- 2004
3. ਸ਼ਮੂਲੀਅਤ ਜੂਨੀਅਰ ਵਿਸ਼ਵ ਕੱਪ (ਕੈਂਪ), ਦਿੱਲੀ- 2004
4. ਸੁਲਤਾਨ ਅਜ਼ਲਾਨ ਸ਼ਾਹ ਹਾਕੀ ਕੱਪ, ਮਲੇਸ਼ੀਆ - 2005
5. ਏਸ਼ੀਅਨ ਖੇਡਾਂ, ਦੋਹਾ (ਕਤਰ) - 2006

**ਸਵਿੰਦਰ ਸਿੰਘ -** ਸਵਿੰਦਰ ਸਿੰਘ ਅੱਜਕਲ੍ਹ ਤਾਂ ਭਾਰਤ ਪੈਟਰੋਲੀਅਮ ਵਿੱਚ ਨੌਕਰੀ ਕਰਦਾ ਹੈ ਪਰ ਪਹਿਲਾਂ ਉਹ ਭਾਰਤੀ ਹਾਕੀ ਟੀਮ ਵੱਲੋਂ ਵੀ ਖੇਡਦਾ ਰਿਹਾ ਹੈ। ਉਸਦਾ ਜਨਮ ਪਿੰਡ ਸੰਤ ਨਗਰ ਵਿੱਚ ਹੋਇਆ। ਖੇਡ ਜਗਤ ਵਿੱਚ ਉਸਦੀਆਂ ਪ੍ਰਮੁੱਖ ਪ੍ਰਾਪਤੀਆਂ ਹਨ-

1. ਸਬ-ਜੂਨੀਅਰ ਏਸ਼ੀਆ ਕੱਪ, ਸਿੰਘਾਪੁਰ, ਪਹਿਲਾ-ਸਥਾਨ- 2000
2. ਸ਼ਮੂਲੀਅਤ ਜੂਨੀਅਰ ਇੰਡੀਆ ਕੈਂਪ, ਬੰਗਲਾਦੇਸ਼- 2001
3. ਫੋਰ ਨੇਸ਼ਨ ਟੂਰਨਾਮੈਂਟ, ਪਾਕਿਸਤਾਨ - 2005

**ਗੁਰਚਰਨ ਸਿੰਘ -** ਸ. ਬਲਦੇਵ ਸਿੰਘ ਦੇ ਘਰ ਪਿੰਡ ਸੰਤ ਨਗਰ ਵਿਖੇ ਗੁਰਚਰਨ ਸਿੰਘ ਦਾ ਜਨਮ ਹੋਇਆ। ਉਹ ਨਾਮਧਾਰੀ ਹਾਕੀ ਟੀਮ ਤੋਂ ਖੇਡਣਾ ਸ਼ੁਰੂ ਕਰਕੇ ਭਾਰਤੀ ਹਾਕੀ ਟੀਮ ਤੱਕ ਪੁੱਜਾ। ਉਸਦੀਆਂ ਪ੍ਰਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ-

1. ਅਕਬਰ ਆਲ ਜ਼ੋਨ ਟੂਰਨਾਮੈਂਟ, ਮਿਸਰ (Egypt) - 2003
2. ਫੋਰ ਨੇਸ਼ਨ ਟੂਰਨਾਮੈਂਟ, ਪਾਕਿਸਤਾਨ - 2003

**ਅਵਤਾਰ ਸਿੰਘ -** ਅਵਤਾਰ ਸਿੰਘ ਦਾ ਪਿੰਡ ਸੰਤ ਨਗਰ ਜ਼ਿਲ੍ਹਾ ਸਿਰਸਾ ਹੈ। ਉਸਨੇ ਵੀ ਭਾਰਤੀ ਹਾਕੀ ਟੀਮ ਵੱਲੋਂ ਹਾਕੀ ਖੇਡੀ। ਉਸਦੀਆਂ ਪ੍ਰਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ-

1. ਫੋਰ ਨੇਸ਼ਨ ਟੂਰਨਾਮੈਂਟ, ਪਾਕਿਸਤਾਨ - 2003
2. ਸ਼ਮੂਲੀਅਤ ਸਬ-ਜੂਨੀਅਰ ਇੰਡੀਆ ਕੈਂਪ - 2000

**ਗੁਰਵਿੰਦਰ ਸਿੰਘ -** ਗੁਰਵਿੰਦਰ-ਦਾ ਜਨਮ ਸ. ਬਲਬੀਰ ਸਿੰਘ ਦੇ ਘਰ ਘੁੰਣਸ (ਬਰਨਾਲਾ) ਵਿਖੇ ਹੋਇਆ। ਨਾਮਧਾਰੀ ਅਕੈਡਮੀ ਦਾ ਤਰਾਸ਼ਿਆ ਹੋਇਆ ਇਹ ਖਿਡਾਰੀ ਭਾਰਤੀ ਹਾਕੀ ਟੀਮ ਵਲੋਂ ਖੇਡਦਾ ਰਿਹਾ ਹੈ। ਉਸਦੀਆਂ ਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ-

1. ਸਬ ਜੂਨੀਅਰ ਏਸ਼ੀਆ ਕੱਪ, ਬੰਗਲਾ ਦੇਸ਼, ਪਹਿਲਾ ਸਥਾਨ - 2003
2. ਸ਼ਮੂਲੀਅਤ ਜੂਨੀਅਰ ਵਿਸ਼ਵ ਕੱਪ (ਕੈਂਪ), ਦਿੱਲੀ - 2004
3. Six Nation ਟੂਰਨਾਮੈਂਟ, ਪੌਲੈਂਡ, ਪਹਿਲਾ ਸਥਾਨ - 2006
4. ਫੋਰ ਨੇਸ਼ਨ ਗੋਲਡ ਕੱਪ, ਸਿੰਘਾਪੁਰ, ਦੂਜਾ ਸਥਾਨ - 2006
5. ਭਾਰਤ-ਪਾਕਿ, ਪੰਜਾਬ ਖੇਡਾਂ, ਪਹਿਲਾ ਸਥਾਨ- 2012

**ਜੋਗਾ ਸਿੰਘ -** ਜੋਗਾ ਸਿੰਘ ਦਾ ਪਰਿਵਾਰ ਜਲੰਧਰ ਰਹਿੰਦਾ ਹੈ। ਉਹ ਵੀ ਵਧੀਆ ਹਾਕੀ ਖਿਡਾਰੀ ਹੈ। ਉਹ ਅੱਜ-ਕੱਲ੍ਹ ਏਅਰ ਇੰਡੀਆ ਵਿੱਚ ਨੌਕਰੀ ਕਰਦਾ ਹੈ। ਉਸ ਦੀਆਂ ਪ੍ਰਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ-

1. Six Nation ਟੂਰਨਾਮੈਂਟ, ਪੌਲੈਂਡ, ਜੇਤੂ - 2006
2. ਫੋਰ ਨੇਸ਼ਨ ਟੂਰਨਾਮੈਂਟ,-ਰੂਸ, ਪਹਿਲਾ ਸਥਾਨ - 2009
3. ਭਾਰਤ-ਪਾਕਿ ਟੈਸਟ ਸੀਰੀਜ਼, ਦੋਹਾ (ਕਤਰ), ਜੇਤੂ- 2009

**ਕਰਮਜੀਤ ਸਿੰਘ -** ਕਰਮਜੀਤ ਸਿੰਘ ਦਾ ਜਨਮ ਪਿੰਡ ਐਲਨਾਬਾਦ ਪਿਤਾ ਬਲਕਾਰ ਸਿੰਘ ਦੇ ਘਰ ਹੋਇਆ। ਇਸ ਨੂੰ ਵੀ ਭਾਰਤੀ ਹਾਕੀ-ਟੀਮ ਵਿੱਚ ਖੇਡਣ ਦਾ ਮੌਕਾ ਮਿਲਿਆ। ਉਸਦੀਆਂ ਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ-

1. ਅੰਡਰ-21 ਭਾਰਤ-ਅਰਜਨਟੀਨਾ ਟੈਸਟ ਸੀਰੀਜ਼ (ਅਰਜਨਟੀਨਾ), ਪਹਿਲਾ ਸਥਾਨ-2008
2. ਭਾਰਤ-ਪਾਕਿ, ਪੰਜਾਬ ਖੇਡਾਂ, ਜੇਤੂ- 2012

**ਮਾਲਕ ਸਿੰਘ -** ਮਾਲਕ ਸਿੰਘ ਵੀ ਨਾਮਧਾਰੀ ਹਾਕੀ ਟੀਮ ਦਾ ਤੇਜ-ਤਰਾਰ ਹਾਕੀ ਖਿਡਾਰੀ ਹੈ। ਅੱਜ-ਕੱਲ੍ਹ ਰੇਲਵੇ ਵਿੱਚ ਨੌਕਰੀ ਕਰਦਾ ਹੈ। ਉਸਦੀਆਂ ਪ੍ਰਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ-

1. ਸੁਲਤਾਨ ਆਫ਼ ਜੌਹਰ ਕੱਪ, ਮਲੇਸ਼ੀਆ, ਪਹਿਲਾ ਸਥਾਨ – 2011
2. ਜੂਨੀਅਰ ਏਸ਼ੀਆ ਕੱਪ, ਮਲੇਸ਼ੀਆ, ਦੂਜਾ ਸਥਾਨ- 2012
3. ਏਸ਼ੀਆ ਕੱਪ, ਮਲੇਸ਼ੀਆ, ਦੂਜਾ ਸਥਾਨ – 2013
4. ਏਸ਼ੀਅਨ ਚੈਂਪੀਅਨਜ਼ ਟਰਾਫੀ, ਜਪਾਨ – 2013
5. ਅਜ਼ਲਾਨ ਸ਼ਾਹ ਕੱਪ, ਮਲੇਸ਼ੀਆ – 2013
6. ਜੂਨੀਅਰ ਵਿਸ਼ਵ ਕੱਪ, ਦਿੱਲੀ – 2013

**ਗੁਰਮੇਲ ਸਿੰਘ –** ਗੁਰਮੇਲ ਸਿੰਘ ਵੀ ਨਾਮਧਾਰੀ ਹਾਕੀ ਅਕੈਡਮੀ ਦਾ ਤਰਾਸ਼ਿਆ ਹੋਇਆ ਵਧੀਆ ਮਿਡਫੀਲਡਰ ਹੈ। ਉਸਦਾ ਪਿੰਡ ਸੰਤ ਨਗਰ ਹੈ। ਅੱਜ-ਕੱਲ੍ਹ ਉਹ ਪੰਜਾਬ ਐਂਡ ਸਿੰਧ ਬੈਂਕ ਵਿੱਚ ਨੌਕਰੀ ਕਰਦਾ ਹੈ। ਉਸਦੀਆਂ ਪ੍ਰਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ-

1. ਸੱਤਵਾਂ ਜੂਨੀਅਰ ਏਸ਼ੀਆ ਕੱਪ, ਤੀਜਾ ਸਥਾਨ – 2012
2. ਸੁਲਤਾਨ ਆਫ ਜੌਹਰ ਕੱਪ ਟੂਰਨਾਮੈਂਟ, ਮਲੇਸ਼ੀਆ, ਦੂਜਾ ਸਥਾਨ – 2012
3. ਲੈਂਕੋ ਇੰਟਰਨੈਸ਼ਨਲ ਸੁਪਰ ਸੀਰੀਜ਼, ਆਸਟਰੇਲੀਆ – 2012
4. ਚੈਂਪੀਅਨਜ਼ ਟਰਾਫੀ, ਮੈਲਬੌਰਨ – 2012
5. ਸੁਲਤਾਨ ਅਜ਼ਲਾਨ ਸ਼ਾਹ ਹਾਕੀ ਕੱਪ, ਮਲੇਸ਼ੀਆ – 2013
6. ਵਿਸ਼ਵ ਹਾਕੀ ਲੀਗ, ਨੀਦਰਲੈਂਡ, ਸੈਮੀਫਾਈਨਲ – 2013
7. ਨੌਵਾਂ ਏਸ਼ੀਆ ਕੱਪ, ਮਲੇਸ਼ੀਆ, ਦੂਜਾ ਸਥਾਨ – 2013
8. ਏਸ਼ੀਅਨ ਚੈਂਪੀਅਨਜ਼ ਟਰਾਫੀ, ਜਪਾਨ- 2013

**ਨਾਨਕ ਸਿੰਘ –** ਨਾਨਕ ਸਿੰਘ ਦਾ ਜਨਮ ਪਿੰਡ ਸੰਤ ਨਗਰ ਵਿਖੇ ਹੋਇਆ। ਨਾਨਕ ਸਿੰਘ ਵੀ ਭਾਰਤ ਵੱਲੋਂ ਖੇਡਦਾ ਰਿਹਾ ਹੈ। ਉਸਨੂੰ ਖੇਡ ਕੋਟੇ ਵਿੱਚ ਭਾਰਤ ਸਰਕਾਰ ਦੇ ਡਿਪਾਰਟਮੈਂਟ CAG ਵਿੱਚ ਸਰਕਾਰੀ ਨੌਕਰੀ ਮਿਲੀ ਹੋਈ ਹੈ। ਉਸਦੀਆਂ ਪ੍ਰਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ-

1. ਭਾਰਤ-ਹਾਲੈਂਡ ਟੈਸਟ ਸੀਰੀਜ਼, ਹਾਲੈਂਡ – 2012
2. ਸ਼ਮੂਲੀਅਤ ਓਲੰਪਿਕ ਕੈਂਪ – 2012

**ਹਰਪ੍ਰੀਤ ਸਿੰਘ ਨਾਗਰਾ** - ਹਰਪ੍ਰੀਤ ਸਿੰਘ ਨਾਗਰਾ ਦਾ ਪਿੰਡ 'ਫਕੀਰਾਂ ਵਾਲੀ ਥੇੜ੍ਹੀ' ਨਾਮਧਾਰੀਆਂ ਦੇ ਗੜ੍ਹ ਜੀਵਨ ਨਗਰ ਵਿੱਚ ਪੈਂਦਾ ਹੈ। ਉਹ ਹਾਕੀ ਖੇਡਣ ਦੇ ਸਿਰ 'ਤੇ ਅੱਜਕਲ੍ਹ ਕਨੇਡਾ ਸੈੱਟ ਹੈ। ਉਸ ਦੀਆਂ ਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ-

1. ਏਸ਼ੀਅਨ ਚੈਂਪੀਅਨਜ਼ ਟਰਾਫੀ, ਚੀਨ, ਜੇਤੂ – 2011
2. ਸੁਲਤਾਨ ਆਫ ਜੌਹਰ ਕੱਪ, ਮਲੇਸ਼ੀਆ – 2011
3.-ਭਾਰਤ-ਪਾਕਿ, ਪੰਜਾਬ ਖੇਡਾਂ, ਜੇਤੂ- 2012

**ਸੰਤਾ ਸਿੰਘ –** ਸੰਤਾ ਸਿੰਘ ਨੇ ਵੀ ਹਾਕੀ ਜਗਤ ਵਿੱਚ ਚੰਗਾ ਨਾਮ ਚਮਕਾਇਆ ਹੈ। 2016 ਵਿੱਚ ਭਾਰਤੀ ਹਾਕੀ ਟੀਮ ਨੇ ਜੂਨੀਅਰ ਵਿਸ਼ਵ ਕੱਪ ਜਿੱਤਿਆ, ਇਹ ਉਸ ਟੀਮ ਦਾ ਮੁੱਖ ਖਿਡਾਰੀ ਸੀ। ਅੱਜਕਲ੍ਹ ਉਹ ਪੰਜਾਬ ਐਂਡ ਸਿੰਧ ਬੈਂਕ ਵਿੱਚ ਨੌਕਰੀ ਕਰਦਾ ਹੈ। ਉਸਦੀਆਂ ਪ੍ਰਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ-

1. ਜੂਨੀਅਰ ਸੁਲਤਾਨ ਆਫ ਜੌਹਰ ਕੱਪ, ਮਲੇਸ਼ੀਆ, ਪਹਿਲਾ ਸਥਾਨ – 2014
2. ਇੰਡੀਆ-ਆਸਟਰੇਲੀਆ ਜੂਨੀਅਰ ਟੈਸਟ ਸੀਰੀਜ਼, ਪਹਿਲਾ ਸਥਾਨ – 2014
3. ਵਾਹੋ ਇੰਟਰਨੈਸ਼ਨਲ ਅੰਡਰ-21, ਨੀਦਰਲੈਂਡ – 2015
4. ਸੁਲਤਾਨ ਆਫ ਜੌਹਰ ਕੱਪ ਟੂਰਨਾਮੈਂਟ, ਮਲੇਸ਼ੀਆ, ਦੂਜਾ ਸਥਾਨ- 2015
5. ਜੂਨੀਅਰ ਏਸ਼ੀਆ ਕੱਪ, ਮਲੇਸ਼ੀਆ, ਪਹਿਲਾ ਸਥਾਨ – 2015
6. ਆਸਟਰੇਲੀਆ ਹਾਕੀ ਲੀਗ – 2016
7. ਫੋਰ ਨੇਸ਼ਨ ਟੂਰਨਾਮੈਂਟ, ਸਪੇਨ – 2016
8. ਜੂਨੀਅਰ ਵਿਸ਼ਵ ਕੱਪ, ਲਖਨਊ, ਪਹਿਲਾ ਸਥਾਨ- 2016

**ਅਕਾਸ਼ਦੀਪ ਸਿੰਘ-** ਅਕਾਸ਼ਦੀਪ ਸਿੰਘ ਨਾਮਧਾਰੀ ਹਾਕੀ ਟੀਮ ਦੇ ਵਰਤਮਾਨ ਗਰੁੱਪ ਦਾ ਪ੍ਰਮੁੱਖ ਖਿਡਾਰੀ ਹੈ। ਉਸਦਾ ਪਿੰਡ ਸੰਤਨਗਰ ਹੈ। ਉਸਦੀ ਪ੍ਰਮੁੱਖ ਪ੍ਰਾਪਤੀ ਹੇਠ ਲਿਖੀ ਹੈ-

1. U-19 ਸਪੇਨ ਟੂਰ – 2019

ਨਾਮਧਾਰੀ ਹਾਕੀ ਖਿਡਾਰੀਆਂ ਨੇ ਭਾਰਤੀ ਹਾਕੀ ਟੀਮ ਵਿੱਚ ਖੇਡ ਕੇ ਦੇਸ਼ ਅਤੇ ਨਾਮਧਾਰੀ ਪੰਥ ਦਾ ਨਾਮ ਵਿਸ਼ਵ ਪੱਧਰ 'ਤੇ ਪ੍ਰਸਿੱਧ ਕੀਤਾ ਹੈ। ਇਸ ਤਰ੍ਹਾਂ ਨਾਮਧਾਰੀ ਹਾਕੀ ਟੀਮ ਨੇ ਹਾਕੀ ਜਗਤ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

**ਪਤਾ- ਸ੍ਰੀ ਭੈਣੀ ਸਾਹਿਬ**
**ਸੰਪ: 98550-58178**

# ਬੀਤੇ ਦੀਆਂ ਪੈੜਾਂ- ਕਵੀ ਪ੍ਰੀਤਮ ਸਿੰਘ

## (ਅਣਛਪਿਆ-ਭਾਗ)

### (ਪਿਛਲੇ ਅੰਕ ਤੋਂ ਅੱਗੇ)

**ਸੰਭਾਵਨਾ ਵਿਸ਼ੇਸ਼ ਬੈਠਕ ਦੀ –** ਮੈਨੂੰ ਲੰਮਾ ਚਿਰ ਤੱਕ ਅੱਜ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਨਹੀਂ ਹੋ ਸਕੇ ਸੇਠ ਸੁਰੰਮ੍ਰਿਤ ਸਿੰਘ ਦੇ ਬੰਗਲੇ। ਸ੍ਰੀ ਸਤਿਗੁਰੂ ਜੀ ਦੇ ਨਿਵਾਸ ਸਥਾਨ ਤੇ ਅੱਜ ਇੱਕ ਹੋਰ ਵਿਸ਼ੇਸ਼ ਬੈਠਕ ਹੋਈ ਲੱਗਦੀ ਹੈ ਕਿਉਂਕਿ ਸੇਠ ਹਰਮਹਿੰਦਰ ਸਿੰਘ, ਸੇਠ ਜਸਪਾਲ ਸਿੰਘ ਗੋਰੇਵਾੜਾ, ਸ. ਹਰਵਿੰਦਰ ਸਿੰਘ ਹੰਸਪਾਲ, ਸ. ਸੁਰਿੰਦਰ ਸਿੰਘ ਮਨਚੰਦਾ, ਸੇਠ ਤਰਲੋਕ ਸਿੰਘ ਜੀ ਆਦਿ ਸ੍ਰੀ ਸਤਿਗੁਰੂ ਜੀ ਕੋਲ ਹਾਜ਼ਰ ਰਹੇ।

ਸ੍ਰੀ ਸਤਿਗੁਰੂ ਜੀ 21.9.1986 ਨੂੰ ਭਾਰਤ ਵਾਪਸ ਪਰਤ ਜਾਣਾ ਚਾਹੁੰਦੇ ਹਨ ਪਰ ਪਤਾ ਲੱਗਾ ਹੈ ਕਿ ਹੰਸਪਾਲ ਜੀ ਜ਼ੋਰ ਦੇ ਰਹੇ ਹਨ ਕਿ ਸ੍ਰੀ ਹਜ਼ੂਰ 25.9 ਨੂੰ ਹੀ ਉਨ੍ਹਾਂ ਦੇ ਨਾਲ ਦਿੱਲੀ ਦਾਖਲ ਹੋਣ।

**ਮਸਲਾ ਸੋਇ ਅਸੋਕ ਧਰਮਸਾਲਾ ਦਾ –** ਮੈਂ ਅੱਜ ਦੀ ਮੀਟਿੰਗ ਬਾਰੇ ਸੇਠ ਹਰਮਹਿੰਦਰ ਸਿੰਘ ਚਾਵਲਾ ਤੋਂ ਪੁੱਛਿਆ। ਉਸ ਦੱਸਿਆ ਕਿ ਧਰਮਸਾਲਾ ਸੋਇ ਅਸੋਕ ਦੇ ਮਸਲੇ ਤੇ ਅੱਜ ਵੀ ਵਿਚਾਰ ਹੋਈ। ਅਤੇ ਉਸ ਦਿਨ ਸਾਡੇ ਘਰ ਵਿੱਚ ਵੀ ਇਹੋ ਮਸਲਾ ਵਿਚਾਰ ਅਧੀਨ ਸੀ। ਮੈਂ ਜਸਪਾਲ ਸਿੰਘ ਨੂੰ ਮਨਾਇਆ ਹੈ ਕਿ ਉਹ ਪਹਿਲੇ ਇੱਕ ਮਹੀਨੇ ਤੱਕ ਸਾਧ ਸੰਗਤ ਅਥਵਾ ਧਰਮਸਾਲਾ ਦਾ ਪ੍ਰਧਾਨ ਰਹਿਣਾ ਮੰਨ ਪਏ ਫਿਰ ਆਪ ਹੀ ਤਿਆਗ ਪੱਤਰ ਦੇ ਦਏ ਤਾਂ ਉਸਦੀ ਪ੍ਰਧਾਨਗੀ ਸਭ ਵਲੋਂ ਪਰਵਾਨ ਕੀਤੀ ਜਾ ਸਕਦੀ ਹੈ। ਫਿਰ ਸੇਠ ਚਾਵਲਾ ਨੇ ਮੈਨੂੰ (ਪ੍ਰੀਤਮ ਸਿੰਘ ਕਵੀ) ਸੰਬੋਧਨ ਕੀਤਾ : ਤੁਸੀਂ ਗਿਆਨੀ (ਹਰਬੰਸ ਸਿੰਘ ਸਚਦੇਵ) ਨੂੰ ਸਮਝਾਓ ਕਿ ਉਹ ਵੀ ਇਹ ਝਗੜਾ ਮੁਕਾਣ ਵਿੱਚ ਸਹਾਇਕ ਹੋਵੇ।

ਮੈਂ ਆਖਿਆ : ਦੋਵੇਂ ਤਾਕਤਾਂ ਆਪਣਾ ਆਪਣਾ ਜ਼ੋਰ ਅਜ਼ਮਾ ਚੁੱਕੀਆਂ ਹਨ। ਗਿਆਨੀ ਹੋਰਾਂ ਕੋਲੋਂ ਜਸਪਾਲ ਸਿੰਘ ਦੀ ਪ੍ਰਧਾਨਗੀ, ਸਾਰੇ ਸਰਕਾਰੀ ਜਤਨਾਂ ਦੇ ਬਾਵਜੂਦ ਨਹੀਂ ਖੋਹੀ ਗਈ, ਦੂਜੇ ਪਾਸੇ ਜਸਪਾਲ ਸਿੰਘ ਪਾਸ ਸਾਧ ਸੰਗਤ ਦੀ ਬਹੁਤ ਗਿਣਤੀ ਛੱਡ ਥੋੜ੍ਹ ਗਿਣਤੀ ਵੀ ਨਹੀਂ ਰਹੀ। (ਪਰ ਮੈਨੂੰ ਇਸ ਗੱਲ ਦਾ ਨਿਸਚਾ ਹੋ ਗਿਆ ਹੈ ਕਿ ਸ੍ਰੀ ਸਤ੍ਰਿਰੂ ਜੀ ਦੀ ਤਰਫ਼ਦਾਰੀ ਪੂਰੀ ਤਰ੍ਹਾਂ ਜਸਪਾਲ ਸਿੰਘ ਗੋਰੇਵਾੜਾ ਨਾਲ ਹੈ)।

ਸੇਠ ਹਰਮਹਿੰਦਰ ਸਿੰਘ ਚਾਵਲਾ ਨੇ ਦੱਸਿਆ : ਜਸਪਾਲ ਸਿੰਘ ਕਹਿੰਦਾ ਹੈ ਕਿ ਮੈਨੂੰ ਦੋ ਸਾਲ ਦਾ ਵਕਫਾ ਹੋਰ ਪ੍ਰਧਾਨਗੀ ਦਾ ਦੇਈ ਰੱਖੋ, ਮੈਂ ਇਹ ਸੱਦ ਪੱਕੀ ਕਰਵਾ ਦਿਆਂਗਾ ਕਿ ਸ੍ਰੀ ਸਤਿਗੁਰੂ ਜੀ ਦੀ ਇੱਛਾ ਅਨੁਸਾਰ ਹੀ ਧਰਮਸਾਲਾ ਦੀ ਕਾਰਜਕਾਰੀ ਕਮੇਟੀ ਬਣੇ।

ਮਾਲੂਮ ਹੁੰਦਾ ਹੈ ਕਿ ਸੇਠ ਹਰਮਹਿੰਦਰ ਸਿੰਘ ਦੇ ਘਰ ਅਜਿਹੀਆਂ ਉੱਚ-ਪੱਧਰੀ ਬੈਠਕਾਂ ਤੋਂ ਇਲਾਵਾ ਵਿਦੇਸ਼ਾਂ ਨਾਲ ਫੋਨ ਕਰਨ ਹਿਤ ਵੀ ਸ੍ਰੀ ਸਤਿਗੁਰੂ ਜੀ ਜਾਂਦੇ ਹੋਣਗੇ।।

**ਡੈਨਮਾਰਕ ਤੋਂ ਟੈਲੀਫੋਨ –** ਅੱਜ ਦੁਪਹਿਰੇ 2 ਵਜੇ ਡੈਨਮਾਰਕ ਤੋਂ ਸ. ਸੁਖਦੇਵ ਸਿੰਘ ਨਾਮ ਦੇ ਵਿਅਕਤੀ ਵਲੋਂ ਫੋਨ ਆਇਆ। ਇਸ ਵੇਲੇ ਸ੍ਰੀ ਸਤਿਗੁਰੂ ਜੀ ਤੀਜੇ ਪਹਿਰ ਦਾ ਇਸ਼ਨਾਨ ਕਰਨ ਲੱਗੇ ਸਨ। ਪਰ ਡੈਨਮਾਰਕ ਵਿਚ ਇਸ ਵੇਲੇ 6 ਵੱਜੇ ਸਨ ਸਵੇਰ ਦੇ ਤੇ ਸ. ਸੁਖਦੇਵ ਸਿੰਘ ਆਪਣੀ ਨੌਕਰੀ ਤੇ ਜਾ ਰਿਹਾ ਸੀ। ਉਸਨੇ ਮੇਰੇ ਨਾਲ ਗੱਲ ਕਰਦਿਆਂ ਦੱਸਿਆ ਕਿ ਏਥੋਂ ਦੇ ਸਿੱਖਾਂ ਵਿੱਚ ਜਾਂ ਹੋਰਨਾਂ ਵਿੱਚ ਤਾਂ ਹੀ ਗੱਲਬਾਤ ਕੀਤੀ ਜਾ ਸਕਦੀ ਹੈ ਜੇ ਸ਼੍ਰੋ. ਗੁ. ਪ੍ਰ. ਕਮੇਟੀ ਦੇ ਮੁਕਾਬਲੇ ਵਿੱਚ ਸਾਡਾ ਵੀ ਅੰਗਰੇਜ਼ੀ ਵਿੱਚ ਲਿਟਰੇਚਰ ਹੋਵੇ। ਸ. ਸੁਖਦੇਵ ਸਿੰਘ ਨੇ ਦੱਸਿਆ ਕਿ ਡੈਨਮਾਰਕ ਵਿੱਚ ਇੱਕ ਸ. ਅਮਰ ਸਿੰਘ ਅਤੇ ਇੱਕ ਹੋਰ ਸਿੱਖ ਨਾਮਧਾਰੀ ਵਿਚਾਰਾਂ ਦੇ ਹਨ। ਉਸਨੇ ਇਹ ਵੀ ਦੱਸਿਆ ਕਿ ਅੱਜ-ਕੱਲ੍ਹ ਏਥੇ ਉਹ ਇੱਕ ਲਾਇਬ੍ਰੇਰੀ ਵੀ ਬਣਾ ਰਿਹਾ ਹੈ, ਸਿੱਖ ਮਤ ਨਾਲ ਸੰਬੰਧਤ। ਸ. ਸੁਖਦੇਵ ਸਿੰਘ ਏਥੋਂ ਦੀ ਸਿੱਖ ਫਾਊਂਡੇਸ਼ਨ ਸੰਸਥਾ ਦੇ ਜੁਆਇੰਟ ਸਕੱਤਰ ਹਨ।

ਸਤਿਗੁਰੂ ਜੀ ਦੇ 'ਕਰਨ-ਦਰਸ਼ਨ' ਤਾਂ ਸੁਖਦੇਵ ਸਿੰਘ ਜੀ ਪਹਿਲਾਂ ਵੀ ਕਰ ਹਟੇ ਹਨ, ਪਰ ਫੇਰ ਬਚਨ ਸੁਣਨ ਤੇ ਜੀਅ ਕਰਦਾ ਹੈ। ਅੱਜ ਰਾਤੀਂ 9 ਵਜੇ ਫਿਰ ਕੋਸ਼ਿਸ਼

ਕਰਨਗੇ।

**ਧਰਮਸਾਲਾ 55 ਵਿਖੇ –** ਸ੍ਰੀ ਸਤਿਗੁਰੂ ਜੀ ਖਾਸ ਸੇਵਕਾਂ ਤੇ ਵਿਸ਼ੇਸ਼ ਵਿਅਕਤੀਆਂ ਨਾਲ 2.30 ਵਜੇ ਸੇਠ ਹਰਮਹਿੰਦਰ ਸਿੰਘ ਚਾਵਲਾ ਦੇ ਘਰ ਪਧਾਰੇ, ਜਿੱਥੋਂ ਆਪ ਜੀ 5 ਵਜੇ ਨਾਮ ਸਿਮਰਨ ਦੀ ਆਰੰਭ-ਅਰਦਾਸ ਸਮੇਂ ਧਰਮਸਾਲਾ 55 ਵਿਖੇ ਸਾਧ ਸੰਗਤ ਨੂੰ ਦਰਸ਼ਨ ਦਿੱਤੇ। -ਸਾਧ ਸੰਗਤ ਅੱਜ ਵੀ ਹੁਮ ਹੁਮਾ ਕੇ ਆਈ ਹੋਈ ਸੀ। 6 ਵਜੇ ਕੀਰਤਨ ਸ਼ੁਰੂ ਹੋਇਆ ਤਾਂ ਅੱਜ ਦੇ ਸ਼ਬਦ ਸਨ :

-ਸਾਜਨ ਦੇਸਿ ਵਿਦੇਸੜੀਏ ਸਾਨੇਹੜੇ ਦੇਦੀ॥

-ਪ੍ਰਥਮ ਮਧ ਕੈਟ ਮਦ

-ਹਰਿ ਕਾ ਨਾਮੁ ਨ ਜਪਸਿ ਗਵਾਰਾ

7 ਵਜੇ ਤੱਕ ਆਨੰਦ ਬਖਸ਼ਦੇ ਕੀਰਤਨ ਦੀ ਅਰਦਾਸ ਹੋਈ ਤਾਂ ਅੱਜ ਮੰਚ ਪ੍ਰਬੰਧਕਾਂ ਵੱਲੋਂ ਡਾ. ਮੁਸ਼ੱਰਫ ਅਲੀ ਮੂਸਾ ਨੂੰ ਮਾਈਕ ਤੇ ਕੁਛ ਬੋਲਣ ਲਈ ਆਖਿਆ ਗਿਆ।

ਸਾਧ ਸੰਗਤ ਦੇ ਇਸ ਭਰਵੇਂ ਇਕੱਠ ਦਾ ਲੰਗਰ ਧਰਮਸਾਲਾ ਵਿਖੇ ਹੀ ਗਿਆਨੀ ਸੰਤੋਖ ਸਿੰਘ-ਮਹਿੰਦਰ ਕੌਰ-ਮਹਿਤਾਬ ਸਿੰਘ ਅਤੇ ਬੀਬੀ ਪ੍ਰਿਤਪਾਲ ਕੌਰ ਸੁਪਤਨੀ ਸੇਠ ਅਵਤਾਰ ਸਿੰਘ ਚਾਵਲਾ ਅਤੇ ਉਹਦੇ ਲੜਕੇ ਸੇਠ ਸਰੂਪ ਸਿੰਘ ਵਲੋਂ ਸੀ।

ਸ੍ਰੀ ਸਤਿਗੁਰੂ ਜੀ ਨੇ ਦੀਵਾਨ ਸਮਾਪਤੀ ਉਪਰੰਤ ਸੰਤ ਸੁਰੰਮ੍ਰਿਤ ਸਿੰਘ ਦੇ ਬੰਗਲੇ ਥੋੜ੍ਹਾ ਛਕ, ਥੋੜ੍ਹਾ ਆਰਾਮ ਕਰ ਏਥੋਂ ਦੇ ਇੱਕ ਭਾਰਤੀਆਂ ਵਲੋਂ ਬਣੇ ਸਟੇਡੀਅਮ ਵਿੱਚ ਥਾਈਲੈਂਡ ਦੇ ਸਿੱਖ ਬੱਚਿਆਂ ਨਾਲ ਵਾਲੀਬਾਲ ਖੇਡਿਆ।

**ਕਹਿਰ ਦੀ ਕੜਕ ਦਮਕ –** ਰਾਤ 9 ਵਜੇ ਸ. ਸੁਖਦੇਵ ਸਿੰਘ ਨੇ ਫੇਰ ਡੈਨਮਾਰਕ ਤੋਂ ਫੋਨ ਖੜਕਾਇਆ ਪਰ ਗੁਰੂ ਕੇ ਕਰਨ ਦਰਸ਼ਨ ਉਸਨੂੰ ਨਸੀਬ ਨਾ ਹੋ ਸਕੇ। ਇਸ ਸਮੇਂ ਸਤਿਗੁਰੂ ਜੀ ਵਾਲੀਬਾਲ-ਸਟੇਡੀਅਮ ਵਿੱਚ ਹੀ ਸਨ।

9.30 ਰਾਤ ਤੋਂ 11 ਵਜੇ ਤੱਕ ਬੜੀ ਜ਼ੋਰਦਾਰ ਬਾਰਸ਼ ਹੁੰਦੀ ਰਹੀ। ਬਿਜਲੀ ਦੀ ਕੜਕ ਤੇ ਦਮਕ ਅੱਜ ਸਾਡੇ ਬੰਗਲੇ ਦੇ ਆਸ ਪਾਸ ਦੀ ਏਨੀ ਕਹਿਰ ਦੀ ਸੀ ਕਿ ਜਿਵੇਂ ਅੱਜ ਬੈਂਕੋਕ ਦੀਆਂ ਧੱਜੀਆਂ ਉੱਡ ਜਾਣਗੀਆਂ। ਬਾਰ ਬਾਰ, ਮੁੜ ਮੁੜ ਕੇ ਬਿਜਲੀ ਡਿਗਦੀ ਤੇ ਕੜਕ ਧਰਤੀ ਦੇ ਛੱਕੇ ਛੁਡਾਂਦੀ ਜਾਂਦੀ। ਮੈਂ ਕਦੇ ਏਨੀ ਜ਼ਬਰਦਸਤ ਕੜਕ-ਦਮਕ ਨਹੀਂ ਵੇਖੀ ਸੁਣੀ। ਦੋ-ਦੋ ਮਿੰਟ ਪਿੱਛੋਂ ਗਰਜ ਅਤੇ ਚਮਕ ਜਿਵੇਂ ਮੇਰੇ ਵੀ ਅੰਦਰ ਆ ਵੜਦੀ। ਕਈ ਵਾਰ ਮੇਰਾ ਕਲੇਜਾ ਹਿੱਲਿਆ। ਮੇਰੇ ਲਈ ਇਹ ਪਹਿਲਾ ਅਨੁਭਵ ਹੀ ਸੀ। ਰਾਤ ਨੂੰ ਨੀਂਦ ਕਿਸੇ ਓਸੇ ਵੇਲੇ ਆਈ ਜਦੋਂ ਕੜਕ ਦਮਕ ਦਾ ਭੋਗ ਪਿਆ।

ਸੱਚੇ ਪਾਤਸ਼ਾਹ ਕਦੋਂ ਨਿਜ ਨਿਵਾਸ ਤੇ ਆਏ, ਪਤਾ ਨਹੀਂ।

## 20 ਸਤੰਬਰ 1986, ਸ਼ਨੀਵਾਰ
## ਬੈਂਕੋਕ, ਥਾਈਲੈਂਡ

**ਵਾਰ ਸੁਰੰਮ੍ਰਿਤ ਚਾਵਲਾ ਦੇ ਬੰਗਲੇ –** ਸੰਤ ਹਰਬੰਸ ਸਿੰਘ ਘੁੱਲਾ-ਸੁਖਵਿੰਦਰ ਸਿੰਘ ਪਿੰਕੀ-ਆਜ਼ਾਦ-ਮੱਯਾ ਸਿੰਘ-ਗੰਗਾ ਸਿੰਘ ਅਤੇ ਹੋਰ ਪ੍ਰੇਮੀਆਂ ਵਲੋਂ, ਸ੍ਰੀ ਸਤਿਗੁਰੂ ਜੀ ਦੀ ਅਗਵਾਈ ਵਿੱਚ ਸੇਠ ਸੁਰੰਮ੍ਰਿਤ ਸਿੰਘ ਚਾਵਲਾ-ਰਾਜਿੰਦਰਪਾਲ ਕੌਰ ਦੇ ਬੰਗਲੇ ਵਿੱਚ ਆਸਾ ਦੀ ਵਾਰ ਦਾ ਮਨਮੋਹਕ ਕੀਰਤਨ ਕੀਤਾ।

ਰਾਤ ਦੇ ਸੇਠ ਸੁਰੰਮ੍ਰਿਤ ਸਿੰਘ ਅਤੇ ਸੰਤ ਗੁਰਦੀਪ ਸਿੰਘ ਚਾਵਲਾ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿੱਚ ਹਾਜ਼ਰ ਹਨ। ਊਂ ਸਾਰੀਆਂ ਘਰੋਗੀ ਪ੍ਰਬੰਧ ਦੀਆਂ ਜ਼ਿਮੇਵਾਰੀਆਂ ਸੇਠ ਅਜੀਤ ਸਿੰਘ ਦੀ ਸੁਪੱਤਰੀ ਬੀਬੀ ਰਾਜਿੰਦਰਪਾਲ ਹੀ ਕਰ ਕਰਵਾ ਰਹੀ ਹੈ।

**ਆਨੰਦ ਕਾਰਜ ਗੁਰਦਿੱਤ ਸਿੰਘ ਦਾ –** 5.45 ਤੇ ਆਸਾ ਦੀ ਵਾਰ ਦਾ ਭੋਗ ਪੈ ਗਿਆ। ਤਦ ਤੱਕ ਸਾਹਮਣੇ ਹੀ ਹਵਨ ਅਤੇ ਅੰਮ੍ਰਿਤ ਦੀਆਂ ਬਾਣੀਆਂ ਪੜ੍ਹ ਕੇ ਸਿੰਘਾਂ ਨੇ ਵੇਦੀ ਲਈ ਹਵਨ ਤੇ ਵਿਆਹੇ ਜਾਣ ਵਾਲੇ ਬੱਚਿਆਂ ਲਈ ਅੰਮ੍ਰਿਤ ਤਿਆਰ ਕਰ ਲਿਆ। ਕੜਾਹ ਪ੍ਰਸ਼ਾਦ ਤੇ ਆਦਿ ਬਾਣੀ ਦੀ ਬੀੜ ਨੂੰ ਵਿਧੀਵਤ ਲਿਆ ਕੇ ਵੇਦੀ ਗੱਡ ਦਿੱਤੀ ਗਈ।

ਅੱਜ ਆਨੰਦ ਕਾਰਜ ਹੈ ਸਵਰਗਵਾਸੀ ਸੇਠ ਕੁਲਦੀਪ ਸਿੰਘ ਤੇ ਬੀਬੀ ਅਵਿਨਾਸ਼ ਕੌਰ ਅਰਥਾਤ ਸੁਰੰਮ੍ਰਿਤ ਪਰਵਾਰ ਦੇ ਭਣੇਵੇਂ ਗੁਰਦਿੱਤ ਸਿੰਘ ਦਾ। ਪੂਰੀ ਗੁਰਮਰਿਆਦਾ ਅਨੁਸਾਰ ਗੁਰੂ ਕੀ ਹਜ਼ੂਰੀ ਵਿੱਚ ਆਨੰਦ ਕਾਰਜ ਹੋਇਆ। ਵਿਵਾਹਤ ਹਨ :

ਸ. ਗੁਰਦਿੱਤ ਸਿੰਘ ਸਪੁੱਤਰ ਸੇਠ ਕੁਲਦੀਪ ਸਿੰਘ
ਬੀਬੀ ਸਿਮਰਤ ਸੁਪੱਤਰੀ ਸ. ਬਲਬੀਰ ਸਿੰਘ ਗੋਰੇਵਾੜਾ

ਉਪਰੰਤ ਇਸ ਖੁਸ਼ੀ ਵਿੱਚ 6 ਪਾਠਾਂ ਦੇ ਭੋਗ ਪਏ।

**ਭਾਗਸ਼ਾਲੀ ਦਸਤਾਰਾਂ –** ਏਸੇ ਸਮੇਂ ਸਕੇਸ਼ ਸ਼ਨਾਨ ਕਰ ਕੇਸ ਸੁਕਾਈ ਦੋ ਬੱਚੇ ਸ੍ਰੀ ਸਤਿਗੁਰੂ ਜੀ ਦੇ ਪੇਸ਼ ਕੀਤੇ ਗਏ ਅਤੇ ਬੇਨਤੀ ਹੋਈ ਕਿ ਸ੍ਰੀ ਹਜ਼ੂਰ ਇਹਨਾਂ ਬੱਚਿਆਂ ਦੇ ਸਿਰਾਂ ਤੇ ਆਪ ਦਸਤਾਰਾਂ ਸਜਾਣ ਦੀ ਕਿਰਪਾ ਕਰਨ। ਇਹ ਵਡਭਾਗੇ ਬੱਚੇ ਸਨ :

ਸ਼੍ਰੀ ਅਮਰਦੇਵ ਸਿੰਘ ਸਪੁੱਤਰ ਸੇਠ ਇੰਦਰ ਸਿੰਘ ਸਚਦੇਵ

ਸ਼੍ਰੀ ਮਹਿੰਦਰ ਸਿੰਘ ਸਪੁੱਤਰ ਸ. ਹਰਭਜਨ ਸਿੰਘ ਬੁੱਧੀਰਾਜਾ ਪੋਤਰਾ ਸੰਤ ਹਰੀ ਸਿੰਘ ਬੁੱਧੀਰਾਜਾ

ਬੱਚਿਆਂ ਨੇ ਸ੍ਰੀ ਸਤਿਗੁਰੂ ਜੀ ਦੁਆਰਾ ਸਿੱਧੀ ਦਸਤਾਰ ਸਜਾਣ ਤੇ ਗੁਰੂ ਚਰਨਾਂ 'ਤੇ ਸਾਦਰ ਨਮਸਕਾਰ ਕੀਤੀ।

ਅਤੇ ਇੰਜ ਸੰਤ ਨਰੈਣ ਸਿੰਘ ਨਰੂਲਾ ਦੀ ਸਭ ਸ਼ੁਭ ਕਾਰਜਾਂ ਲਈ ਕੀਤੀ ਅਰਦਾਸ ਉਪਰੰਤ ਸੁਆਦੀ ਤੇ ਸ਼ਾਨਦਾਰ ਲੰਗਰ ਦੇ ਖੁੱਲ੍ਹੇ ਗੱਫੇ ਵਰਤੇ। ਸਵੇਰੇ ਸਵੇਰੇ ਹੀ ਆਈ ਭਰਪੂਰ ਸੰਗਤ ਤ੍ਰਿਪਤ ਹੋ ਕੇ ਘਰਾਂ ਅਤੇ ਕਾਰੋਬਾਰ ਤੇ ਗਈ। ਸ੍ਰੀ ਸਤਿਗੁਰੂ ਜੀ ਨੇ ਹਲਕਾ ਫਲਾਹਾਰ ਕੀਤਾ।

**ਸ੍ਰੀ ਚਰਨਾਂ ਦਾ ਨਿਵਾਜਣਾ –** ਸ੍ਰੀ ਸਤਿਗੁਰੂ ਜੀ ਅਤੇ ਆਪ ਜੀ ਦਾ ਹਜ਼ੂਰੀ ਜਥਾ 7 ਵਜੇ ਅਰਜ਼ਾਂ ਵਾਲਿਆਂ ਦੇ ਘਰੀਂ ਚਰਨ ਪਾਉਣ ਦੇ ਪ੍ਰੋਗਰਾਮ ਵਿੱਚ ਵਿਅਸਤ ਹੋਇਆ। ਅੱਜ ਦੇ ਸੁਭਾਗੇ ਪਰਿਵਾਰ ਇਹ ਸਨ :

1. ਬੀਬੀ ਪ੍ਰਿਤਪਾਲ ਕੌਰ ਅਤੇ ਇਸਦਾ ਲੜਕਾ ਸੇਠ ਸਰੂਪ ਸਿੰਘ, ਸੋਇ ਫਾਨੰਤ ਆਨੰਦ, ਖਲੌਂਗ ਤਨ

ਬੀਬੀ ਦੀ ਅਰਜ਼ ਕਰਨ ਤੇ ਸਰੂਪ ਸਿੰਘ ਦੇ ਲੜਕੇ ਦਾ ਨਾਮ ਸਤਨਾਮ ਸਿੰਘ ਰੱਖਿਆ। ਬੱਚਾ ਬੀਬੀ ਨੇ ਚਰਨਾਂ ਵਿੱਚ ਲਿਆ ਰੱਖਿਆ।। ਏਥੇ ਕੋਈ ਵਿਸ਼ੇਸ਼ ਗੱਲ ਬੀਬੀ ਮਹਿੰਦਰ ਕੌਰ ਗਿਆਨਣ ਤੇ ਬੀਬੀ ਪ੍ਰਿਤਪਾਲ ਕੌਰ ਨਾਲ ਇਕਾਂਤ ਵਿੱਚ ਕੀਤੀ।

2. ਸੰਤ ਅਵਤਾਰ ਸਿੰਘ ਗੋਰੇਵਾੜਾ, ਖਲੌਂਗ ਤਨ

ਸ੍ਰੀ ਸਤਿਗੁਰੂ ਜੀ ਨੇ ਸਿੰਘ ਨੂੰ ਬਚਨ ਕੀਤਾ: ਤੁਸੀਂ ਹੁਣ ਬੁੱਢੇ ਹੋ ਜਾਓ ਅਰਥਾਤ ਕੇਸ ਕਾਲੇ ਨਾ ਕਰਿਆ ਕਰੋ।

3. ਸ. ਵਜਿੰਦਰ ਸਿੰਘ ਖਰਬੰਦਾ ਸਪੁੱਤਰ ਸ. ਅਮਰ ਸਿੰਘ ਪੋਤਰਾ ਸਵਰਗਵਾਸੀ ਸੰਤ ਗੁਰਬਖਸ਼ ਸਿੰਘ ਮਾਈ ਦਿਆਲ ਕੌਰ, ਕੋਟਲੀ (ਗੁਜਰਾਂਵਾਲਾ)

4. ਸ. ਜਸਬੀਰ ਸਿੰਘ ਸਪੁੱਤਰ ਸੰਤ ਹਰਨਾਮ ਸਿੰਘ ਹਜਰੋਂ।

ਇਹਨਾਂ ਐਤਕਾਂ ਬੱਚਿਆਂ ਨੂੰ ਵੀ ਸ੍ਰੀ ਭੈਣੀ ਸਾਹਿਬ ਭੇਜਿਆ ਸੀ।

5. ਸੇਠ ਅਮਰ ਸਿੰਘ ਚਾਵਲਾ

ਮੋਟੇ ਮੋਟੇ ਲੜਕੇ ਵਜ਼ੀਰ ਸਿੰਘ, ਸੁਖਚੈਨ ਸਿੰਘ, ਪ੍ਰੇਮ ਸਿੰਘ

ਪ੍ਰੇਰਣਾ : ਸਵੇਰੇ ਆਪ ਉੱਠੋ ਅਤੇ ਬੱਚਿਆਂ ਨੂੰ ਉਠਾਇਆ ਕਰੋ।

6. ਸ. ਸੁਰਜੀਤ ਸਿੰਘ ਆਹੂਜਾ ਸਪੁੱਤਰ ਡਾ. ਦੀਵਾਨ ਸਿੰਘ

ਸਵਰਗਵਾਸੀ ਡਾਕਟਰ ਜੀ ਦੀ ਪਤਨੀ ਮਾਤਾ ਪ੍ਰੀਤਮ ਕੌਰ ਬਹੁਤ ਕਮਜ਼ੋਰ ਤੇ ਬਿਮਾਰ ਹੈ, ਉਸਦੇ ਕੋਲ ਜਾ ਬੈੱਡ ਤੇ ਚਰਨ ਰੱਖ ਮੱਥਾ ਟਿਕਵਾਇਆ। ਕੋਲ ਬੈਠ ਕੇ ਪ੍ਰੇਮ ਨਾਲ ਥੋੜ੍ਹੇ ਮਿੰਟ ਬਚਨ ਕੀਤੇ। ਇਹ ਬੀਬੀ 13 ਸਾਲ ਤੋਂ ਮੰਜੇ ਨਾਲ ਮੰਜਾ ਹੋਈ ਪਈ ਹੈ।

ਸ. ਆਹੂਜਾ ਦੇ ਬੱਚੇ ਨੂੰ ਦਾੜ੍ਹੀ ਰੱਖਣ ਦੀ ਪ੍ਰੇਰਣਾ..... ਪ੍ਰਵਾਣ ਕੀਤੀ।

7. ਸ. ਸਰਨਪਾਲ ਸਿੰਘ ਸਪੁੱਤਰ ਸੰਤ ਕਪੂਰ ਸਿੰਘ

ਬੀਬੀ ਸੁਰਿੰਦਰ ਕੌਰ ਦੁਹਤਰੀ ਸੰਤ ਹਰਨਾਮ ਸਿੰਘ ਕਾਮੋਕੇ

8. ਸ. ਪਿਆਰਾ ਸਿੰਘ ਮਲਹੋਤਰਾ, ਪਥਨਾ ਕਾਂਗ ਰੋਡ

ਬੀਬੀ ਬਿਅੰਤ ਕੌਰ

9. ਸੰਤ ਸ਼ਰਮ ਸਿੰਘ ਸਪੁੱਤਰ ਸੁਰਗਵਾਸੀ ਸੰਤ ਤੀਰਥ ਸਿੰਘ-ਗੁਰਬਚਨ ਕੌਰ

10. ਸ. ਬਖਸ਼ੀਸ਼ ਸਿੰਘ, ਸ. ਗੁਰਸ਼ਰਨ ਸਿੰਘ ਸਪੁੱਤਰ ਸਵ. ਗੁਰਚਰਨ ਸਿੰਘ ਚੰਨਾ (ਟਿਊਬਵੈੱਲ), ਮਾਈ ਸਾਹਿਬ ਕੌਰ ਦੇ ਪੋਤਰੇ, ਪਥਨਾ ਕਾਂਗ ਰੋਡ

11. ਸ. ਸਾਧੂ ਸਿੰਘ ਸਪੁੱਤਰ ਸੰਤ ਤੀਰਥ ਸਿੰਘ-ਗੁਰਬਚਨ ਕੌਰ

12. ਸ. ਜਸਵੰਤ ਸਿੰਘ ਸੇਠੀ ਪਥਨਾ ਕਾਂਗ ਰੋਡ

ਵਸੋਂ ਵਿੱਚ ਪਾਣੀ ਚੜ੍ਹ ਆਇਆ ਹੋਣ ਕਰਕੇ ਚਰਨ ਪੁਆਣੋਂ ਰਹਿ ਗਿਆ।

**ਚਲਦਾ........**

# A Saga Of Sri Satguru Jagjit Singh Ji

- Dr. Sharada Jayagovind

Raagi Balwant Singh states:

"If today many Namdhari musicians are performing all over the world and their contribution is acknowledged, it is all due to the efforts, vision and blessings of Satguru Jagjit Singh ji."

Patsha ji used to tell his brother Maharaj Bir Singh ji:

We have to teach these children whatever we know so that the knowledge continues, it should not die with us."

When he found exceptional talent in some child, he took special care to nurture it. Patsha ji would often say:

"Children are like raw milk. You can churn them into anything."

Some fortunate students were under Patsha ji's direct guidance.

He would teach a *bandish* and if the student perfected it, he would be delighted and teach a new *bandish* the following day. Patshah ji loved his students so much that often he made them stay at his residence to practise music. Day and night, music was on his mind.

Patsha ji was a connoisseur and a collector of traditional compositions, which turned him into a true researcher of classical music. He sent the talented students to eminent *ustads* of different *gharaanas* so that their rich legacy would be handed down to the next generation.

*Raagi* Balwant Singh recalls how Patsha ji insisted that he learnt the *sitar* even though Balwant's heart was in playing the *santoor.* But when the Satguru wills who can say no? Patsha ji sent him to Ustad Vilayat Khan ji. In retrospect, Balwant Singh says:

"During the course of my lessons in the *sitar,* Vilayat Khan ji taught me some very rare compositions, which would have been lost to the world if they were not learnt. It was Patsha ji's vision which made me learn those pieces and preserve them for posterity."

After the demise of Vilayat Khan ji, Patsha ji told Balwants Singh:

"You need not learn the *sitar* any longer. You can get back to the *santoor* and vocal music if you desire."

**Patsha ji as an eclectic and innovative musician**

Satguru ji's thirst for music was so keen that he could forego sleep and food and immerse himself in the world of music. Once he happened to get hold of a famous singer's music book with rare *raags* and compositions. He sat up the whole night and went through the notes. He would not let go of the book even in his bathtub. He practised and memorised the compositions while bathing.

After mastering the compositions, Patsha ji wanted to present them in front of the musician who had composed them. But he was disappointed when he learnt that the musician had passed away. He found out that the musician's daughter was living in Bombay. Patsha ji went to Bombay and made her listen to her father's composition. She was in tears when she heard them rendered by Patsha ji's students.

Patsha ji would get hold of some old records of rare *raags* and teach them to the students. Out of the thirty-one *raags* in the *Gurbani,* Patsha ji used to sing even the rare ones with ease. He would teach the complex compositions to his students and ask them to present them the next morning in *Asa di Vaar.* When the students excelled, his joy knew no bounds.

Once Patsha ji composed a new *bandish* and wanted to teach it to the sons of Pandit Rajan Mishra ji. He called them to Bangalore and the lessons went on for a couple of days. When Patsha ji learnt or composed a new piece he used to present it in front of other artistes and receive their comments. During one of his trips to England, in 1997, Satguru ji invited the renowned *sitar* maestro Pandit Ravi Shankar ji and rendered some of his rare compositions. Pandit ji was very happy and appreciated the musical wealth in him.

Patsha ji invited Pandit Shiv Kumar Sharma and Pandit Ram Narayan to Namdhari Farms, Bidadi to listen to his new composition.

**to be continued..............**

# ਸੁੱਚੇ-ਮੋਤੀ

### ਸਬਰ ਦਾ ਕਮਾਲ

ਸ੍ਰੀ ਭੈਣੀ ਸਾਹਿਬ 1977 ਈ. ਦੇ ਪ੍ਰਯੋਗ ਦੇ ਦਿਨਾਂ ਦੌਰਾਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਡੇਰੇ ਕਿਰਨਪਾਲ ਸਿੰਘ, ਉਸਤਾਦ ਹਰਭਜਨ ਸਿੰਘ ਅਤੇ ਮੈਂ (ਕਵੀ ਪ੍ਰੀਤਮ ਸਿੰਘ) ਸ੍ਰੀ ਸਤਿਗੁਰੂ ਜੀ ਪਾਸ ਬੈਠੇ ਸਾਂ ਕਿ ਬਚਨ ਕਰਦਿਆਂ ਆਪ ਨੇ ਇੱਕ ਅਨੁਭਵ ਸੁਣਾਇਆ : ਔਖੇ ਤੋਂ ਔਖੇ ਸਮੇਂ ਵਿੱਚ ਵੀ ਬੰਦੇ ਦੀ ਸਥਿਰ ਬੁੱਧੀ ਬੜਾ ਕੰਮ ਕਰ ਜਾਂਦੀ ਹੈ। ਮਨੁੱਖ ਨੂੰ ਜੇ ਪਿਆਰ ਕਰਨਾ ਅਤੇ ਸਬਰ ਨਾਲ ਉਡੀਕਣਾ ਆਉਂਦਾ ਹੋਵੇ ਤਾਂ ਪਸ਼ੂ ਪੰਛੀਆਂ ਤੱਕ ਨੂੰ ਸਿਖਾ ਸਕਦਾ ਤੇ ਵੱਸ ਕਰ ਸਕਦਾ ਹੈ।

ਸਤਿਗੁਰੂ ਜੀ ਨੇ ਜਵਾਨੀ ਵੇਲੇ ਦੀ ਇੱਕ ਉਦਾਹਰਣ ਦਿੱਤੀ- "ਸਾਡੇ ਪਾਸ ਇੱਕ ਘੋੜਾ ਸੀ 'ਜੈ ਭਾਰਤ'। ਅੜੀਅਲ, ਸ਼ਕਤੀਸ਼ਾਲੀ ਤੇ ਅੜ੍ਹਬ ਆਦਤਾਂ ਵਾਲਾ। ਉਹ ਆਪਣੇ ਸੇਵਕਾਂ ਦੀ ਅਵੱਗਿਆ ਕਰਦਾ। ਅਸਾਂ ਉਸਨੂੰ ਤਾਂਗੇ ਨਾਲ ਜੋੜਨ ਦਾ ਮਨ ਬਣਾਇਆ। ਤਾਂਗੇ ਨਾਲ ਜੋੜਿਆ ਤਾਂ ਕਾਲਿਆਂ ਦੇ ਖੂਹ ਕੋਲ ਜਾ ਕੇ ਖਲੋ ਗਿਆ। ਹਿੱਲਣ ਦਾ ਨਾਂ ਹੀ ਨਾ ਲਏ। ਜਿਵੇਂ ਪੱਥਰ ਦਾ ਹੋਏ। ਲਾਭ ਸਿੰਘ ਫੱਤਾ ਮੇਰੇ ਨਾਲ ਸੀ। ਕਹਿਣ ਲੱਗਾ- ਇਸ ਨੂੰ ਡਾਂਗ ਨਾਲ ਚੌਲ ਵਰਤਾਈਏ ਅਰਥਾਤ ਕੁੱਟ ਮਾਰ ਕਰੀਏ? ਮੈਂ ਕਿਹਾ- ਨਾ। ਉਡੀਕੋ, ਸਬਰ ਨਾਲ ਇੰਤਜ਼ਾਰ ਕਰੋ। ਇਸਨੂੰ ਵੀ ਭੁੱਖ ਲੱਗੇਗੀ। ਜਿਉਂ ਹੀ ਭੁੱਖ ਲੱਗੀ ਇਹ ਤੁਰੇਗਾ। ਸਿਆਣੇ ਸਬਰ ਦਾ ਫਲ ਹੀ ਮਿੱਠਾ ਕਹਿੰਦੇ ਨੇ।

ਘੰਟੇ ਪੌਣੇ ਘੰਟੇ ਪਿੱਛੋਂ ਹੀ ਉਸਨੂੰ ਭੁੱਖ ਲੱਗ ਪਈ। ਘੋੜਾ ਤੁਰ ਪਿਆ। ਅਸੀਂ ਚੁੱਪ ਕਰਕੇ ਤਾਂਗੇ ਉੱਤੇ ਬੈਠ ਗਏ, ਬੱਸ ਫਿਰ ਭਲੇ ਮਾਣਸਾਂ ਵਾਂਗ ਚੱਲ ਪਿਆ। ਜਿਧਰ ਤੋਰਿਆ, ਤੁਰਿਆ।"

ਇੱਕ ਮਿਸਾਲ ਹੋਰ ਦਿੱਤੀ- ਮੇਰੇ ਪਾਸ ਐਲਸੇਸ਼ਨ ਨਸਲ ਦੀ ਇੱਕ ਕੁੱਤੀ ਸੀ, ਉਹਦਾ ਇੱਕ ਬੱਚਾ ਮਹਾਰਾਜ ਨਿਹਾਲ ਸਿੰਘ ਜੀ ਨੂੰ ਦਿੱਤਾ। ਉਹ ਕੁੱਤਾ ਮਹਾਰਾਜ ਜੀ ਦੇ ਆਖੇ ਨਾ ਲੱਗੇ। ਮੈਨੂੰ ਮਿਲੇ ਤਾਂ ਮਹਾਰਾਜ ਜੀ ਨੇ ਦੱਸਿਆ, "ਕੁੱਤਾ ਆਖੇ ਨਹੀਂ ਲੱਗਦਾ।"

ਮੈਂ ਇੱਕ ਹਫਤਾ ਮਹਾਰਾਜ ਜੀ ਦੇ ਪਾਸ ਦਿੱਲੀ ਹੀ ਰਹਿਣਾ ਸੀ। ਕੁੱਤਾ ਮੈਂ ਆਪਣੀ ਸਪੁਰਦਦਾਰੀ ਵਿੱਚ ਲੈ ਲਿਆ। ਸਵੇਰੇ ਸੈਰ ਕਰਨ ਗਿਆਂ ਨਾਲ ਲੈ ਜਾਣਾ। ਇੱਕ ਚੌਂਕ ਵਿੱਚ ਕੁੱਤੇ ਨੂੰ ਬਹਾ ਜਾਣਾ, ਪਰ ਉਸ ਮੇਰੀ ਭਾਲ ਕਰਦਿਆਂ ਥੋੜ੍ਹੇ ਚਿਰ ਪਿੱਛੋਂ ਆ ਮਿਲਣਾ। ਇਹੋ ਉਸਦੀ ਮਰਜ਼ੀ ਉਸ ਤੋਂ ਛੁਡਵਾਣੀ ਸੀ।

ਮੈਂ ਉਸਨੂੰ ਮਿੱਠਾ ਮਿੱਠਾ ਗੁੱਸਾ ਜਤਾਣਾ। ਉਹਨੂੰ ਉੱਥੇ ਹੀ ਬੈਠਣ ਲਈ ਮਜ਼ਬੂਰ ਕਰ ਦੇਣਾ। ਜਦੋਂ ਕੁੱਤੇ ਨੇ ਨਿਸਚਿਤ ਥਾਂ 'ਤੇ ਜਾ ਕੇ ਬੈਠ ਜਾਣਾ। ਮੈਂ ਕੋਈ ਮਿੱਠੀ ਚੀਜ਼ ਖਾਣ ਨੂੰ ਦੇ ਦੇਣੀ। ਪੰਜਵੇਂ ਦਿਨ ਉਹ ਪੱਕੀ ਤਰ੍ਹਾਂ ਆਗਿਆ ਵਿੱਚ ਰਹਿਣ ਲੱਗਾ। ਮੈਂ ਉਸਨੂੰ ਇੱਕ ਥਾਂ 'ਤੇ ਬੈਠਾਲ ਕੇ ਆਪ ਦੂਰ-ਦੂਰ ਚਲੇ ਜਾਣਾ ਜਾਂ ਨੇੜੇ ਹੀ ਉਹਲੇ ਬੈਠ ਕੇ ਵੇਖਣਾ, ਪਰ ਉਸਨੇ ਨਿਸਚਿਤ ਸਥਾਨ ਛੱਡਕੇ ਨਾ ਹਿੱਲਣਾ।

"ਇੰਜ ਸਬਰ ਤੇ ਉਡੀਕ ਅਤੇ ਥੋੜ੍ਹਾ ਕੁ ਢੰਗ ਬਹੁਤ ਵੱਡੇ ਮਸਲੇ ਹੱਲ ਕਰ ਸਕਦਾ ਹੈ।" ਸਤਿਗੁਰੂ ਜੀ ਨੇ ਅੰਤ ਉੱਤੇ ਆਖਿਆ।

### ਸੁਪਨ ਥਾਪੜਾ

9 ਸਤੰਬਰ 1977 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਗੱਲਬਾਤ ਕਰਦਿਆਂ ਮੈਂ (ਕਵੀ ਪ੍ਰੀਤਮ ਸਿੰਘ) ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਮੰਦਰ ਵੱਲ ਜਾ ਰਿਹਾ ਸਾਂ ਕਿ ਸਤਿਗੁਰੂ ਜੀ ਨੇ ਦੱਸਿਆ- "ਅੱਜ ਰਾਤੀਂ, ਪਹਿਲੀ ਵਾਰ ਜ਼ਿੰਦਗੀ ਵਿੱਚ ਗੁਰੂ ਹਰੀ ਸਿੰਘ ਜੀ ਨੇ ਸੁਪਨੇ ਵਿੱਚ ਦਰਸ਼ਨ ਦੇ ਕੇ ਮੈਨੂੰ ਥਾਪੜਾ ਦਿੱਤਾ ਹੈ।

ਇਸ ਦਾ ਭਾਵਾਰਥ ਤਾਂ ਮੈਨੂੰ ਇਹੋ ਜਾਪਦਾ ਹੈ ਕਿ ਅੱਜ ਜੋ ਮੈਂ ਆਪਣੇ ਨਾਲ ਸੰਬੰਧਤ ਇੱਕ ਵਿਅਕਤੀ ਨਾਲ ਬਹੁਤ ਧੀਰਜ ਭਰੇ ਵਤੀਰੇ ਨਾਲ ਗੱਲ-ਬਾਤ ਕੀਤੀ ਹੈ, ਮੈਨੂੰ ਉਸੇ ਦੀ ਸ਼ਾਬਾਸ਼ੀ ਮਿਲੀ ਹੈ।

## ਉਦਾਰਤਾ ਦੀ ਸਿਖਰ

10 ਨਵੰਬਰ 1977 ਈ. ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਚਨ ਕਰਦਿਆਂ ਦੱਸਿਆ- "ਲੱਖਾਂ ਰੁਪੈਆਂ ਦੇ ਹੇਠਾਂ ਹਾਂ। ਕਈ ਵਾਰ ਸੋਚਿਆ ਹੈ ਕਿ ਅੱਗੋਂ ਤੋਂ ਦੂਜਿਆਂ ਦੀਆਂ ਜ਼ਿੰਮੇਵਾਰੀਆਂ ਆਪਣੇ ਸਿਰ ਲੈਣੋਂ ਪਰਹੇਜ਼ ਕਰਾਂ, ਪਰ ਜਦੋਂ ਕੋਈ ਲੋੜਵੰਦ ਸਾਹਵੇਂ ਆ ਹੱਥ ਬੰਨ੍ਹ ਖਲੋਂਦਾ ਹੈ ਤਾਂ ਮੇਰੀ ਦ੍ਰਿੜਤਾ ਦੇ ਬੰਨ੍ਹ ਟੁੱਟ ਜਾਂਦੇ ਹਨ। ਉਦੋਂ ਇਹੋ ਜੀਅ ਕਰਦਾ ਹੈ ਭਾਵੇਂ ਕਿਵੇਂ ਹੋਵੇ, ਕਿਸੇ ਕੋਲੋਂ ਵੀ ਮੰਗ ਕੇ ਪ੍ਰਾਰਥੀ ਦੀ ਲੋੜ ਪੂਰੀ ਕਰ ਦਿਆਂ।

## ਤੇਰਾ ਭਾਣਾ ਮੀਠਾ ਲਾਗੈ

13 ਅਕਤੂਬਰ 1977 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਗੱਡੀ ਮੰਗਵਾਈ। ਪ੍ਰੋਫੈਸਰ ਇੰਦਰ ਸਿੰਘ ਡਾਲਟਨਗੰਜ, ਉਸਦੇ ਵੱਡੇ ਭਰਾ ਸੇਠ ਮਹਿੰਦਰ ਸਿੰਘ ਅਤੇ ਮੈਨੂੰ (ਕਵੀ ਪ੍ਰੀਤਮ ਸਿੰਘ) ਕਾਰ ਵਿੱਚ ਨਾਲ ਬਹਾਲ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਮੰਦਰ ਦੀ ਉਸਾਰੀ ਹੁੰਦੀ ਵੇਖਣ ਲਈ ਨਿਕਲੇ।

ਰਾਹ ਵਿੱਚ ਗੱਡੀ ਰੋਕ ਕੇ, ਪੁਰਾਣੀ ਵਰਕਸ਼ਾਪ ਵਾਲੇ ਮਕਾਨ ਨਾਲ ਲੱਗਦੀਆਂ ਜਾਮਣਾਂ ਹੇਠ ਇੱਕ ਮੰਜੀ ਉੱਤੇ ਮਰੋੜੇ ਜੇਹੇ ਪਏ ਸਿੰਘ ਵੱਲ ਧਿਆਨ ਦੁਆਂਦਿਆਂ, ਸਤਿਗੁਰੂ ਜੀ ਉਸਦੇ ਪਿਤਾ ਸੰਤ ਸ਼ਿੰਗਾਰਾ ਸਿੰਘ (ਪਿੰਡ ਜੀਆ ਬੱਗਾ, ਜ਼ਿਲ੍ਹਾ ਲਾਹੌਰ) ਨਾਲ ਬਚਨ ਕਰਨ ਲੱਗੇ।

ਸਾਡੇ ਸਾਹਵੇਂ ਮੰਜੀ ਉੱਤੇ ਇੱਕ 40-50 ਸਾਲ ਦਾ ਆਦਮੀ ਪਿਆ ਸੀ। ਨਿੱਕੀਆਂ-ਨਿੱਕੀਆਂ ਮਰੀਆਂ ਹੋਈਆਂ ਲੱਤਾਂ, ਮਰੋੜਿਆ ਹੋਇਆ, ਲੱਕ ਤੋਂ ਗਲ ਤੱਕ ਦਾ ਹਿੱਸਾ ਨਚੋੜੇ ਹੋਏ ਕੱਪੜੇ ਵਰਗਾ, ਟੇਢੀਆਂ-ਮੇਢੀਆਂ ਅੱਖਾਂ ਵਾਲਾ ਮੂੰਹ, ਵਿੰਗ ਤੜਿੰਗੀਆਂ ਬਾਹਾਂ, ਇਹ ਸੱਜਣ ਨਾ ਖਲੋ ਸਕਦਾ, ਨਾ ਬੈਠ ਸਕਦਾ, ਨਾ ਰਿੜ੍ਹ ਸਕਦਾ ਅਤੇ ਨਾ ਹੀ ਬੋਲ ਸਕਦਾ ਹੈ। ਸਿਰ 'ਤੇ ਛੋਟੀਆਂ-ਛੋਟੀਆਂ ਬਾਂਵਰੀਆਂ। ਕੋਈ ਵੀ ਅੰਗ ਇਸ ਦਾ ਸਿੱਧੀ ਤਰ੍ਹਾਂ ਕੰਮ ਨਹੀਂ ਦਿੰਦਾ।

ਸਤਿਗੁਰੂ ਜੀ ਕਾਰੋਂ ਉੱਤਰ ਪ੍ਰੋ. ਇੰਦਰ ਸਿੰਘ ਨੂੰ ਇਸ, ਹਰ ਪੱਖੋਂ ਹੀਣੇ ਮਨੁੱਖ ਵੱਲ ਤਕਾ ਕੇ ਕਹਿਣ ਲੱਗੇ- "ਵੇਖੋ, ਇਕ ਇਹ ਹੈ ਤੇ ਇੱਕ ਇਸਦਾ ਪਿਤਾ ਹੈ। ਪਿਤਾ ਇਸਦਾ ਇਹ ਨਹੀਂ ਕਹਿੰਦਾ ਕਿ ਰੱਬ ਨੇ ਉਸ ਨਾਲ ਕਿੰਨਾ ਧੱਕਾ ਕੀਤਾ ਹੈ ਕਿ ਇੱਕ ਪੁੱਤਰ ਦਿੱਤਾ ਤੇ ਉਹ ਵੀ ਜ਼ਹਿਮਤ ਦਾ ਮਾਰਿਆ। ਉਹ ਇਸ ਸਭ ਕੁਝ ਨੂੰ ਮਨ ਦੀ ਏਸ ਦਸ਼ਾ ਨਾਲ ਬਿਆਨਦਾ ਹੈ - ਕਿਰਪਾ ਹੈ ਸਤਿਗੁਰੂ ਦੀ ਏਸ 'ਤੇ ਕਿ ਇਹ ਏਥੇ ਨਿਤ ਸਾਧ ਸੰਗਤ ਦਾ ਦਰਸ਼ਨ ਕਰਦਾ ਹੈ। ਭੈਣੀ ਸਾਹਿਬ ਆਏ ਸਤਿਗੁਰੂ ਵੀ ਇਸ ਨੂੰ ਦਰਸ਼ਨ ਦਿੰਦੇ ਹਨ। ਪੂਰਬਲੇ ਕਰਮਾਂ ਨੇ ਭਾਵੇਂ ਸਰੀਰ ਨੂੰ ਕਿਸੇ ਕੰਮ ਦਾ ਨਹੀਂ ਰਹਿਣ ਦਿੱਤਾ, ਪਰ ਸੋਝੀ ਤੇ ਨੇਤਰਾਂ ਦੁਆਰਾ ਦਰਸ਼ਨ ਕਰਕੇ ਜੀਵਨ ਸਫ਼ਲ ਕਰ ਰਿਹਾ ਹੈ। ਸ਼ਿੰਗਾਰਾ ਸਿੰਘ ਦੋ ਵੇਲੇ ਪ੍ਰਸ਼ਾਦੇ ਦੀਆਂ ਬੁਰਕੀਆਂ ਕਰ-ਕਰ ਖੁਆਂਦਾ ਹੈ। 40 ਸਾਲ ਇੰਜ ਕਰਦਿਆਂ ਹੋ ਗਏ ਹਨ, ਪਰ ਗਿਲਾ ਕਿਸੇ ਦੇ ਖਿਲਾਫ਼ ਨਹੀਂ। ਇਹ ਭਾਣਾ ਹੈ ਜਿਸ ਨੂੰ 'ਗੁਰਮੁਖ' ਮੰਨਦੇ ਹਨ।"

.....................................................

## ਬੱਚਿਆਂ ਦਾ ਪੰਨਾ

### ਚੀਨੀ ਵਾਲੇ ਦੇ ਦਰਸ਼ਨ

### (ਕਬਿੱਤ)

ਸਰੂ ਜੇਹਾ ਕੱਦ ਤੇ ਸਰੂਪ ਸੀ ਬੇਹੱਦ, ਗੂੜੇ ਰੰਗੇ ਹੋਏ ਨੈਣ ਮੁਖ ਮੰਡਲ ਨਿਰਾਲਾ ਸੀ।
ਲੰਮੀ ਜੇਹੀ ਧੌਣ ਦਾ ਸੁਰੂਪ ਬੇਨਜ਼ੀਰ ਓਹਦਾ, ਗੰਢਾਂ ਬਿਨਾਂ ਉਂਗਲਾਂ ਅਜਾਨ ਬਾਹੂ ਵਾਲਾ ਸੀ।
ਗੋਡੇ ਬਿਨਾਂ ਚੱਪਣਾਂ ਤੇ ਚਾਲ ਸੀ ਸੁਹਾਵੀ ਓਹਦੀ, ਬਾਣੀ ਮਧੁਰਾੜੀ ਖਾਲਸਾਈ ਬੋਲ ਬਾਲਾ ਸੀ।
ਚੀਨੀ ਦਾ ਸਵਾਰ ਸਿਰ ਸਿੱਧੀ ਦਸਤਾਰ ਸੋਹੇ, ਚਿੱਟਾ ਸੀ ਪੁਸ਼ਾਕਾ ਗਲ ਫੱਬ ਰਹੀ ਮਾਲਾ ਸੀ।
ਨੂਰ ਦਰਗਾਹੀ ਸੀ ਉਹ ਦੀਨਾਂ ਦਾ ਸਹਾਈ ਸੀ, ਤੇ ਅੰਨਿਆਂ ਨੂੰ ਅੱਖਾਂ ਦੇ ਕੇ ਕਰਦਾ ਉਜਾਲਾ ਸੀ।
ਹੋਵੇ ਮਸਤਾਨਾ ਨਾ ਸਿਆਣੇ ਪਾਤਸ਼ਾਹਾਂ ਤਾਈਂ, ਜੀਹਨੂੰ ਉਹ ਪਿਆਵੇ ਭਰ ਨਾਮ ਦਾ ਪਿਆਲਾ ਸੀ।
ਪਸ਼ੂਆਂ ਪ੍ਰੇਤਾਂ ਦੇ ਸੁਭਾਵਾਂ ਵਾਲੇ ਬੰਦਿਆਂ ਨੂੰ, ਦੇਵਤੇ ਬਣਾ ਕੇ ਕਰੇ ਸਾਰਿਆਂ ਤੋਂ ਆਹਲਾ ਸੀ।
ਵਗਦੀ ਝਨਾਂ ਦੇ ਵਿਚੋਂ ਸੁੱਕੇ ਪੈਰੀਂ ਲੰਘ ਜਾਂਦਾ, ਪਊਏ ਵੀ ਨ ਭਿੱਜਦੇ ਇਲਾਹੀ ਜੋਤ ਵਾਲਾ ਸੀ।
ਕੰਬਦੇ ਸੀ ਰਾਜੇ ਮਹਾਰਾਜਿਆਂ ਨੂੰ ਖੌਫ਼ ਉਹਦਾ, ਝੱਲਦਾ ਨਾ ਕੋਈ ਓਸ ਪ੍ਰੀਤਮ ਦੀ ਝਾਲਾ ਸੀ।
ਝਿਜਕਦੇ ਫ਼ਰੰਗੀ ਓਹਦੀ ਵੇਖ ਜਥੇਬੰਦੀ, ਲੱਖਾਂ ਸੇਵਕਾਂ ਨੂੰ ਵੇਖ ਚਿਤ ਹੋਂਵਦਾ ਦੁਖਾਲਾ ਸੀ।
ਚੋਰ ਧੜਵੈਲ ਡਾਕੂ ਆਂਵਦੇ ਜੋ ਪਾਸ ਓਹਦੇ, ਪੁੱਛ ਕੇ ਭਜਨ ਜਾਪ ਜਪਦੇ ਅਕਾਲਾ ਸੀ।
ਚੜ੍ਹਦਾ ਜਾਂ ਦੌਰੇ, ਪੈਂਦਾ ਵਖ਼ਤ ਫ਼ਰੰਗੀਆਂ ਨੂੰ, ਚਾਲ ਸੀ ਅਜੀਬ ਤੇ ਨਿਰਾਲੀ ਉਹਦੀ ਢਾਲਾ ਸੀ।
ਵੇਖ ਕੇ ਦੀਵਾਨ ਜੱਗ ਹੁੰਦਾ ਸੀ ਹੈਰਾਨ ਉਹਦਾ, ਕਰਕੇ ਦੀਦਾਰ ਮਨ ਹੋਂਵਦਾ ਸੁਖਾਲਾ ਸੀ।
ਤੀਰ ਵਾਂਗ ਵਿੰਨ੍ਹ ਕੇ ਕਲੇਜੇ ਵਿੱਚੋਂ ਪਾਰ ਹੁੰਦਾ, ਬਾਣ ਉਹਦੀ ਬਾਣੀ ਸੰਦਾ ਐਸਾ ਅਣੀਆਲਾ ਸੀ।
ਨਾਮ ਨੂੰ ਜਪਾਂਦਾ ਅਤੇ ਗਊਆਂ ਨੂੰ ਬਚਾਂਦਾ ਸੀ ਉਹ, ਤੋਪ ਉਹਦੀ 'ਆਲਿਮ' ਅਠੋਤਰੀ ਜੈ ਮਾਲਾ ਸੀ।

**– ਸੰਤ ਨਿਧਾਨ ਸਿੰਘ ਆਲਿਮ**

# ਖ਼ਬਰਨਾਮਾ

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਮਲੇਰਕੋਟਲੇ ਵਾਲੇ ਸ਼ਹੀਦਾਂ ਦੀ ਯਾਦ ਵਿੱਚ ਮੇਲਾ

### ਪੰਜਾਬ ਸਰਕਾਰ ਵੱਲੋਂ ਰਾਜ ਪੱਧਰੀ ਸਮਾਗਮ

**17-18 ਜਨਵਰੀ 2021:**

ਭਾਰਤ ਦੀ ਆਜ਼ਾਦੀ ਲਈ ਅਤੇ ਧਰਮ ਦੀ ਖਾਤਰ ਤੋਪਾਂ ਸਾਹਮਣੇ ਛਾਤੀਆਂ ਤਾਣ ਕੇ ਸ਼ਹੀਦ ਹੋਣ ਵਾਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਾਜੇ ਅਤੇ ਨਿਵਾਜੇ ਨਾਮਧਾਰੀ ਸਿੰਘਾਂ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਲੇਰਕੋਟਲਾ ਵਿਖੇ ਨਾਮਧਾਰੀ ਸ਼ਹੀਦੀ ਸਮਾਰਕ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ ਛਾਇਆ ਹੇਠ ਸ਼ਹੀਦੀ ਜੋੜ ਮੇਲੇ ਦੇ ਰੂਪ ਵਿੱਚ ਰਾਜ ਪੱਧਰੀ ਸਮਾਗਮ ਮਨਾਇਆ ਗਿਆ। ਮਲੇਰਕੋਟਲੇ ਦਾ ਇਹ ਸ਼ਹੀਦੀ ਰੱਕੜ ਜਿਸ ਥਾਂ ਤੇ 17 ਅਤੇ 18 ਜਨਵਰੀ 1872 ਈ. ਨੂੰ ਉਸ ਵੇਲੇ ਦੀ ਬਰਤਾਨਵੀ ਹਕੂਮਤ ਵੱਲੋਂ ਬਿਨਾਂ ਕੋਈ ਮੁਕੱਦਮਾ ਚਲਾਏ 65 ਨਾਮਧਾਰੀ ਸਿੰਘਾਂ ਨੂੰ ਤੋਪਾਂ ਨਾਲ ਉਡਾ ਕੇ ਅਤੇ ਇੱਕ ਸਿੱਖ 12 ਸਾਲ ਦੇ ਬਾਲਕ ਬਿਸ਼ਨ ਸਿੰਘ ਨੂੰ ਤਲਵਾਰ ਨਾਲ ਸ਼ਹੀਦ ਕਰ ਕੇ ਕੁੱਲ 66 ਨਾਮਧਾਰੀ ਸਿੰਘਾਂ ਨੂੰ ਆਪਣੇ ਵਤਨ ਦੀ ਆਜ਼ਾਦੀ ਦੀ ਮੰਗ ਕਰਨ ਦੇ ਦੋਸ਼ ਵਿੱਚ ਸ਼ਹੀਦ ਕਰ ਦਿੱਤਾ ਗਿਆ। ਇਸੇ ਹੀ ਸ਼ਹੀਦੀ ਸਾਕੇ ਦੇ ਨਾਲ ਹੀ 18 ਜਨਵਰੀ 1872 ਈ. ਨੂੰ ਨਾਮਧਾਰੀ ਪੰਥ ਦੇ ਰਹਿਬਰ ਅਤੇ ਯੁੱਗ ਪਲਟਾਊ ਸਤਿਗੁਰੂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਬਰਤਾਨਵੀ ਹਕੂਮਤ ਵੱਲੋਂ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਅਸੀਂ ਅੱਜ ਜਿਸ ਆਜ਼ਾਦੀ ਨੂੰ ਮਾਣ ਰਹੇ ਹਾਂ ਇਸ ਆਜ਼ਾਦੀ ਦੀ ਪ੍ਰਾਪਤੀ ਲਈ ਅਨੇਕਾਂ ਹੀ ਨਾਮਧਾਰੀ ਸਿੰਘਾਂ ਨੇ ਸ਼ਹਾਦਤ ਦਾ ਜਾਮ ਪੀ ਕੇ ਆਪਣਾ ਖ਼ੂਨ ਭਾਰਤ ਦੇਸ਼ ਦੀ ਆਜ਼ਾਦੀ ਲਈ ਡੋਲ੍ਹਿਆ ਹੈ।

ਮਲੇਰਕੋਟਲਾ ਵਿਖੇ ਸ਼ਹੀਦ ਹੋਣ ਵਾਲੇ ਇਨ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਜੋੜ ਮੇਲਾ ਮਨਾਉਣ ਦੀ ਆਰੰਭਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1956 ਅਤੇ 1957 ਵਿਚ ਮੇਲੇ ਮਨਾ ਕੇ ਕੀਤੀ। ਆਪਣੇ ਪਿਤਾ ਸਤਿਗੁਰੂ ਜੀ ਦੇ ਵੇਲੇ ਆਰੰਭੇ ਕਾਰਜ ਨੂੰ ਅੱਗੇ ਤੋਰਦੇ ਹੋਏ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹਰ ਸਾਲ ਇਨ੍ਹਾਂ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕਰਦੇ ਹੋਏ ਮੇਲੇ ਮਨਾਉਣ ਦੀ ਇਸ ਪਰੰਪਰਾ ਨੂੰ ਅੱਗੇ ਹੀ ਨਹੀਂ ਤੋਰਿਆ, ਸਗੋਂ ਆਪਣੀ ਕਿਰਪਾ ਬਖ਼ਸ਼ਿਸ਼ ਨਾਲ ਸ਼ਹੀਦਾਂ ਦੇ ਇਸ ਰੱਕੜ ਵਿਚ ਇਕ ਸ਼ਾਨਦਾਰ ਸਮਾਰਕ ਦੀ ਉਸਾਰੀ ਕਰਵਾ ਕੇ ਸ਼ਹੀਦਾਂ ਦੀ ਯਾਦ ਨੂੰ ਲੋਕਾਂ ਦੇ ਦਿਲਾਂ ਵਿੱਚ ਹਮੇਸ਼ਾਂ ਹਮੇਸ਼ਾਂ ਲਈ ਤਰੋ-ਤਾਜ਼ਾ ਕਰ ਦਿੱਤਾ। ਬਿਲਕੁਲ ਉਸੇ ਤਰ੍ਹਾਂ ਹੀ ਨਾਮਧਾਰੀ ਪੰਥ ਦੇ ਮੌਜੂਦਾ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੀ ਸਾਧ ਸੰਗਤ ਦੀ ਅਰਜ਼ ਬੇਨਤੀ ਪ੍ਰਵਾਨ ਕਰਦੇ ਹੋਏ ਅਤੇ ਇਨ੍ਹਾਂ ਸ਼ਹੀਦਾਂ ਦੀ ਸ਼ਹਾਦਤ ਨੂੰ ਮਾਣ ਬਖਸ਼ਦੇ ਹੋਏ ਹਰ ਸਾਲ ਸ਼ਹੀਦਾਂ ਦੀ ਯਾਦ ਵਿਚ ਮਨਾਏ ਜਾਣ ਵਾਲੇ ਇਸ ਸਮਾਗਮ ਵਿੱਚ 17 ਜਨਵਰੀ ਨੂੰ ਨਾਮਧਾਰੀ ਸ਼ਹੀਦੀ ਸਮਾਰਕ ਮਲੇਰਕੋਟਲਾ ਵਿਖੇ ਦਰਸ਼ਨ ਦੇਣ ਦੀ ਕਿਰਪਾ ਕਰਦੇ ਹਨ।

**17 ਜਨਵਰੀ 2021** ਦਿਨ ਐਤਵਾਰ ਨਾਮਧਾਰੀ ਸ਼ਹੀਦੀ ਸਮਾਰਕ ਮਲੇਰਕੋਟਲਾ ਵਿਖੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਜਥੇਦਾਰ ਅਮਰੀਕ ਸਿੰਘ ਲੁਧਿਆਣਾ ਦੀ ਅਗਵਾਈ ਵਿੱਚ ਲੁਧਿਆਣੇ ਦੇ ਨੌਜਵਾਨਾਂ ਦੇ ਜਥੇ ਵੱਲੋਂ ਕੀਤਾ ਗਿਆ। ਇਸ ਤਰ੍ਹਾਂ ਆਸਾ ਦੀ ਵਾਰ ਦੇ ਕੀਰਤਨ ਨਾਲ ਇਸ ਸ਼ਹੀਦੀ ਮੇਲੇ ਦੀ ਆਰੰਭਤਾ ਹੋਈ, ਨੌਜਵਾਨਾਂ ਦੇ ਜਥੇ ਵੱਲੋਂ ਹੀ ਸ਼ਹੀਦਾਂ ਦੀ ਯਾਦ ਵਿੱਚ ਹਵਨ ਵੀ ਕੀਤੇ ਗਏ। ਸ੍ਰੀ ਭੈਣੀ ਸਾਹਿਬ ਤੋਂ ਗਏ ਲਾਂਗਰੀਆਂ ਦੇ ਜਥੇ ਵੱਲੋਂ ਆਉਣ ਵਾਲੀ ਸਾਧ ਸੰਗਤ ਲਈ ਲੰਗਰ ਦੀ ਤਿਆਰੀ ਸਵੇਰੇ ਚਾਰ ਵਜੇ ਹੀ ਆਰੰਭ ਕਰ ਦਿੱਤੀ ਗਈ। ਬਾਹਰ ਘਾਹ ਦੇ ਮੈਦਾਨ ਤੇ ਸੁੰਦਰ ਪੰਡਾਲ ਵਿੱਚ ਦੀਵਾਨ ਦੀ ਆਰੰਭਤਾ 10 ਵਜੇ ਕੀਤੀ ਗਈ। ਜਿਸ ਵਿਚ ਕਵੀਸ਼ਰ ਜੋਗਾ ਸਿੰਘ ਭੰਗੂਰ, ਜਥੇਦਾਰ ਪ੍ਰੀਤਮ ਸਿੰਘ ਸ੍ਰੀ ਭੈਣੀ ਸਾਹਿਬ, ਕਵੀਸ਼ਰ ਗੁਰਸੇਵਕ ਸਿੰਘ ਦੇ ਜਥੇ ਨੇ ਆਪੋ ਆਪਣੀ ਵਾਰੀ ਅਨੁਸਾਰ ਗੁਰੂ ਕੇ ਲਾਡਲੇ ਸਿੱਖ ਨਾਮਧਾਰੀ ਸ਼ਹੀਦਾਂ ਦੀ ਯਾਦ ਵਿੱਚ ਇਤਿਹਾਸ ਸੁਣਾਇਆ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ 10.40 ਤੇ ਨਾਮਧਾਰੀ ਸ਼ਹੀਦੀ ਸਮਾਰਕ ਮਾਲੇਰਕੋਟਲਾ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸੰਤ ਸੁਰਿੰਦਰ ਸਿੰਘ ਨਾਮਧਾਰੀ ਦੀ ਅਗਵਾਈ ਵਿਚ ਪਤਵੰਤੇ

ਸੱਜਣਾਂ ਅਤੇ ਸਥਾਨਕ ਪ੍ਰਸ਼ਾਸ਼ਨ ਅਧਿਕਾਰੀਆਂ ਨੇ ਗੁਲਦਸਤੇ ਭੇਟ ਕਰ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਕੀਤਾ। ਸ਼ਹੀਦੀ ਸਮਾਰਕ ਵਿਖੇ ਬਣੇ ਸ੍ਰੀ ਸਤਿਗੁਰੂ ਜੀ ਦੇ ਵਿਸ਼ਰਾਮ ਘਰ (ਕੋਠੀ) ਇੱਥੇ ਪ੍ਰਸ਼ਾਦ ਪਾਣੀ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ 12 ਵਜੇ ਪੰਡਾਲ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ ਅਤੇ 12 ਵਜੇ ਹੀ ਸ੍ਰੀ ਸਤਿਗੂਰੁ ਜੀ ਦੇ ਹਜ਼ੂਰ ਨਾਮ ਸਿਮਰਨ ਦੀ ਅਰਦਾਸ ਹੋਈ। ਸਾਧ ਸੰਗਤ ਕਤਾਰਾਂ ਵਿੱਚ ਆਪੋ ਆਪਣੀ ਵਾਰੀ ਅਨੁਸਾਰ ਸ਼ਰਧਾ ਅਤੇ ਸਤਿਕਾਰ ਨਾਲ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕਰ ਰਹੀ ਸੀ। ਨਾਮ ਸਿਮਰਨ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ਼ ਸਾਧ ਸੰਗਤ ਸਰਵਣ ਕਰ ਰਹੀ ਸੀ। ਨਾਮ ਸਿਮਰਨ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਹਰਬੰਸ ਸਿੰਘ ਘੁੱਲਾ ਜੀ ਦੀ ਅਗਵਾਈ ਵਿਚ ਹਰਪ੍ਰੀਤ ਸਿੰਘ ਸੋਨੂੰ, ਰਾਗੀ ਸ਼ਾਮ ਸਿੰਘ, ਸਰਮੁਖ ਸਿੰਘ, ਗੁਰਲਾਲ ਸਿੰਘ ਸਮੇਤ ਕੀਰਤਨ ਦੀ ਆਰੰਭਤਾ ਹੋਈ। ਸਾਧ ਸੰਗਤ ਨੇ ਰਸ ਭਿੰਨਾ ਕੀਰਤਨ ਦਾ ਅਨੰਦ ਸ਼ਹੀਦਾਂ ਦੀ ਯਾਦ ਵਿੱਚ ਮਾਣਿਆ।

**ਗਲਵਾਨ ਘਾਟੀ ਦੇ ਸ਼ਹੀਦਾਂ ਦਾ ਸਨਮਾਨ:** ਗੁਰਬਾਣੀ ਦੇ ਕੀਰਤਨ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਉਚੇਚੇ ਤੌਰ ਤੇ ਇਸ ਸ਼ਹੀਦੀ ਸਮਾਗਮ ਸਮੇਂ ਭਾਰਤ-ਚੀਨ ਦੀ ਸਰਹੱਦ ਤੇ ਗਲਵਾਨ ਘਾਟੀ ਵਿਖੇ 16 ਜੂਨ 2020 ਨੂੰ ਬਾਰਡਰ ਤੇ ਸ਼ਹੀਦ ਹੋਣ ਵਾਲੇ ਪੰਜਾਬ ਦੇ ਚਾਰ ਨੌਜਵਾਨਾਂ ਦੀ ਸ਼ਹਾਦਤ ਦਾ ਸਨਮਾਨ ਕਰਦੇ ਹੋਏ, ਨਾਮਧਾਰੀ ਪੰਥ ਵੱਲੋਂ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ ਗਿਆ। ਜਿਨ੍ਹਾਂ ਵਿੱਚ ਨਾਇਬ ਸੂਬੇਦਾਰ ਸ. ਮਨਦੀਪ ਸਿੰਘ ਪਿੰਡ ਸੀਲ ਜ਼ਿਲ੍ਹਾ ਪਟਿਆਲਾ ਤੋਂ ਸ਼ਹੀਦ ਦੇ ਮਾਤਾ ਬੀਬੀ ਸ਼ਕੁੰਤਲਾ ਦੇਵੀ, ਸ਼ਹੀਦ ਦੀ ਪਤਨੀ ਗੁਰਦੀਪ ਕੌਰ, ਬੇਟੀ ਮਹਿਕਪ੍ਰੀਤ ਕੌਰ ਅਤੇ ਬੇਟਾ ਜੋਬਨਪ੍ਰੀਤ ਸਿੰਘ ਸਟੇਜ ਤੇ ਹਾਜ਼ਰ ਸਨ, ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ 51000/- ਰੁਪਏ ਅਤੇ ਲੋਈ, ਮਾਲਾ ਅਤੇ ਹੋਰ ਸਨਮਾਨ ਦੇ ਕੇ ਸਨਮਾਨਿਤ ਕੀਤਾ। ਇਸੇ ਤਰ੍ਹਾਂ ਹੀ ਸ਼ਹੀਦ ਨਾਇਬ ਸੂਬੇਦਾਰ ਸਤਨਾਮ ਸਿੰਘ ਪਿੰਡ ਭੋਜਰਾਜ ਤਹਿਸੀਲ ਧਾਲੀਵਾਲ ਜ਼ਿਲ੍ਹਾ ਗੁਰਦਾਸਪੁਰ ਦੇ ਪਰਿਵਾਰ ਵਿੱਚ ਪਿਤਾ ਜੰਗੀਰ ਸਿੰਘ, ਮਾਤਾ ਕਸ਼ਮੀਰ ਕੌਰ, ਪਤਨੀ ਜਸਵਿੰਦਰ ਕੌਰ, ਬੇਟਾ ਪ੍ਰਭਜੋਤ ਸਿੰਘ ਅਤੇ ਬੇਟੀ ਸੰਦੀਪ ਕੌਰ ਨੂੰ ਮੰਚ ਤੇ ਬੁਲਾ ਕੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਾਣ ਬਖ਼ਸ਼ਿਆ। ਤੀਸਰੇ ਸ਼ਹੀਦ ਸਿਪਾਹੀ ਗੁਰਵਿੰਦਰ ਸਿੰਘ ਪਿੰਡ ਤੋਲਾਵਾਲ ਤਹਿਸੀਲ ਸੁਨਾਮ ਜ਼ਿਲ੍ਹਾ ਸੰਗਰੂਰ ਜੋ ਕਿ ਅਜੇ ਵਿਆਹਿਆ ਨਹੀਂ ਸੀ ਉਸ ਦੇ ਪਿਤਾ ਸ. ਲਾਭ ਸਿੰਘ ਤੇ ਮਾਤਾ ਚਰਨਜੀਤ ਕੌਰ ਦਾ ਸਨਮਾਨ ਸ੍ਰੀ ਸਤਿਗੁਰੂ ਜੀ ਵੱਲੋਂ ਕੀਤਾ ਗਿਆ। ਚੌਥੇ ਸ਼ਹੀਦ ਗੁਰਤੇਜ ਸਿੰਘ ਜੋ ਕਿ ਪਿੰਡ ਬੀਰੇਵਾਲ ਡੋਗਰਾ ਜ਼ਿਲ੍ਹਾ ਮਾਨਸਾ ਨਾਲ ਸਬੰਧਿਤ ਸਨ, ਇਸ ਦੀ ਅਜੇ ਸ਼ਾਦੀ ਨਹੀਂ ਹੋਈ ਸੀ ਸ਼ਹੀਦ ਦੇ ਪਿਤਾ ਸ.ਵਿਰਸਾ ਸਿੰਘ ਤੇ ਮਾਤਾ ਪ੍ਰਕਾਸ਼ ਕੌਰ ਦਾ ਸਨਮਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੱਲੋਂ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਜਿੱਥੇ ਹਰ ਸ਼ਹੀਦ ਦੇ ਪਰਿਵਾਰ ਨੂੰ 51000/- ਹਜ਼ਾਰ ਰੁਪਏ ਦੀ ਨਕਦ ਰਾਸ਼ੀ ਦਿੱਤੀ ਗਈ, ਉੱਥੇ ਹੀ ਸ੍ਰੀ ਸਤਿਗੁਰੂ ਜੀ ਵੱਲੋਂ ਲੁਧਿਆਣਾ ਵਿਖੇ ਚਲਾਏ ਜਾ ਰਹੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਹਸਪਤਾਲ ਵੱਲੋਂ ਇਕ ਇਕ ਸਰਟੀਫਿਕੇਟ ਵੀ ਪਰਿਵਾਰਾਂ ਨੂੰ ਦਿੱਤਾ ਗਿਆ, ਇੱਥੇ ਜਦੋਂ ਵੀ ਚਾਹੁਣ ਇਨ੍ਹਾਂ ਸ਼ਹੀਦਾਂ ਦੇ ਪਰਿਵਾਰਾਂ ਦੇ ਮੈਂਬਰਾਂ ਨੂੰ ਫਰੀ ਸਿਹਤ ਸਹੂਲਤਾਂ ਅਤੇ ਸਮੁੱਚਾ ਇਲਾਜ ਵੀ ਫ੍ਰੀ ਕਰਨ ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ।

ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਦੇਸ਼ ਦੀ ਖਾਤਰ ਸ਼ਹੀਦ ਹੋਣ ਵਾਲੇ ਇਨ੍ਹਾਂ ਸ਼ਹੀਦਾਂ ਦਾ ਸਨਮਾਨ ਕਰ ਕੇ ਮਾਣ ਮਹਿਸੂਸ ਹੁੰਦਾ ਹੈ ਜ਼ਿਕਰਯੋਗ ਹੈ ਇਨ੍ਹਾਂ ਸ਼ਹੀਦਾਂ ਨਾਲ ਸੰਪਰਕ ਕਰਨ ਦਾ ਉਚੇਚਾ ਯਤਨ ਸ. ਗੁਰਮੁਖ ਸਿੰਘ ਸ਼ਾਹ ਮਾਨਸਾ ਅਤੇ ਉਨ੍ਹਾਂ ਦੇ ਬੇਟੇ ਅੰਮ੍ਰਿਤਪਾਲ ਸਿੰਘ ਨੇ ਕੀਤਾ। ਇਨ੍ਹਾਂ ਸ਼ਹੀਦਾਂ ਦੇ ਪਰਿਵਾਰਾਂ ਦੇ ਸਨਮਾਨ ਉਪਰੰਤ ਸ਼ਹੀਦਾਂ ਨੂੰ ਸ਼ਰਧਾ ਪੁਸ਼ਪ ਭੇਟ ਕਰਨ ਲਈ ਸਮਾਗਮ ਦੀ ਸ਼ੁਰੂਆਤ ਸ. ਅਜੀਤ ਸਿੰਘ ਨਾਮਧਾਰੀ ਨੇ ਸਟੇਜ ਸਕੱਤਰੀ ਕਰਦੇ ਹੋਏ ਕੀਤੀ ਅਤੇ ਸਭ ਤੋਂ ਪਹਿਲਾਂ ਸ. ਸਵਰਨ ਸਿੰਘ ਵਿਰਕ ਉੱਘੇ ਵਿਦਵਾਨ ਅਤੇ ਲੇਖਕ ਰੰਗ ਮੰਚ ਤੇ ਪੇਸ਼ ਕੀਤਾ। ਸ. ਸਵਰਨ ਸਿੰਘ ਵਿਰਕ ਨੇ ਬਰਤਾਨਵੀ ਹਕੂਮਤ ਦੇ ਖ਼ਿਲਾਫ਼ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਆਰੰਭੇ ਸੰਘਰਸ਼ ਦਾ ਵਿਸਥਾਰਪੂਰਵਕ ਵਰਨਣ ਕੀਤਾ ਅਤੇ ਸ਼ਹੀਦਾਂ ਨੂੰ ਸ਼ਰਧਾ ਦੇ ਪੁਸ਼ਪ ਭੇਟ ਕੀਤੇ। ਇਸੇ ਤਰ੍ਹਾਂ ਹੀ ਹਰਪਾਲ ਸਿੰਘ ਸੇਵਕ, ਸੰਤ ਨਿਸ਼ਾਨ ਸਿੰਘ ਕਥਾ ਵਾਚਕ ਅਤੇ ਇਨ੍ਹਾਂ ਸਤਰਾਂ ਦੇ ਲੇਖਕ ਸੂਬਾ ਬਲਵਿੰਦਰ ਸਿੰਘ ਝੱਲ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਤ ਕੀਤੀ। ਪੰਜਾਬ ਸਰਕਾਰ ਦੀ ਤਰਫੋਂ ਇਸ ਵਾਰ ਉਚੇਚੇ ਤੌਰ ਤੇ ਸ੍ਰੀ ਵਿਜੈਇੰਦਰ ਸਿੰਗਲਾ ਕੈਬਨਿਟ ਮੰਤਰੀ ਪੰਜਾਬ ਸਰਕਾਰ ਇਸ ਰਾਜ ਪੱਧਰੀ ਸਮਾਗਮ ਵਿੱਚ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਵੱਲੋਂ ਹਾਜ਼ਰ ਹੋਏ। ਜਿਨ੍ਹਾਂ ਦੀ ਅਗਵਾਈ ਮਾਨਯੋਗ ਹਰਵਿੰਦਰ ਸਿੰਘ ਹੰਸਪਾਲ ਜੀ ਕਰ ਰਹੇ ਸਨ।

ਮੰਚ ਉਪਰ ਆਉਣ ਤੇ ਮਾਣਯੋਗ ਮੰਤਰੀ ਸ੍ਰੀ ਵਿਜੈ ਇੰਦਰ ਸਿੰਗਲਾ ਜੀ ਨੂੰ ਸ੍ਰੀ ਸਤਿਗੁਰੂ ਜੀ ਨੇ ਸਿਰੋਪਾਓ ਪਾ ਕੇ ਨਿਵਾਜਿਆ। ਮੰਚ ਤੋਂ ਸ੍ਰੀ ਸਿੰਗਲਾ ਜੀ ਦਾ ਨਾਮ ਅਨਾਊਂਸ ਕੀਤਾ ਗਿਆ ਅਤੇ ਸ੍ਰੀ ਵਿਜੇਇੰਦਰ ਸਿੰਗਲਾ ਜੀ ਨੇ ਪੰਜਾਬ ਸਰਕਾਰ ਦੀ ਤਰਫੋਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਹੋਇਆਂ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਆਜ਼ਾਦੀ ਲਈ ਕੀਤੇ ਇਸ ਮਹਾਨ ਕਾਰਜ ਦੀ ਭਰਪੂਰ ਪ੍ਰਸੰਸਾ ਕੀਤੀ। ਸ੍ਰੀ ਸਿੰਗਲਾ ਜੀ ਨੇ ਨਾਮਧਾਰੀ ਪੰਥ ਵੱਲੋਂ ਭਾਰਤ ਦੀ ਤਰੱਕੀ ਲਈ ਕੀਤੇ ਜਾ ਰਹੇ ਅਨੇਕਾਂ ਕਾਰਜਾਂ ਲਈ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਧੰਨਵਾਦ ਵੀ ਕੀਤਾ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਪਵਿੱਤਰ ਉਪਦੇਸ਼ ਵਿੱਚ ਪਹੁੰਚੇ ਰਾਜਨੀਤਕ ਅਤੇ ਧਾਰਮਿਕ ਸ਼ਖ਼ਸੀਅਤਾਂ ਨੂੰ ਜੀ ਆਇਆਂ ਵੀ ਆਖਿਆ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਵਿੱਤਰ ਉਪਦੇਸ਼ ਯਾਦ ਕਰਵਾਉਂਦੇ ਹੋਏ, ਸਾਧ ਸੰਗਤ ਨੂੰ ਵੱਧ ਤੋਂ ਵੱਧ ਨਾਮ ਸਿਮਰਨ ਅਤੇ ਗੁਰਬਾਣੀ ਦਾ ਪਾਠ ਕਰਨ ਦਾ ਹੁਕਮ ਕੀਤਾ। ਦਿੱਲੀ ਵਿੱਚ ਚੱਲ ਰਹੇ ਕਿਸਾਨ ਅੰਦੋਲਨ ਦੀ ਸੁੱਖ ਸ਼ਾਂਤੀ ਲਈ ਸਾਧ ਸੰਗਤ ਨੂੰ ਭਜਨ ਅਤੇ ਭਗੌਤੀਆਂ ਦੀਆਂ ਮਾਲਾ ਕਰਨ ਦਾ ਵੀ ਉਚੇਚਾ ਹੁਕਮ ਕੀਤਾ। ਸ੍ਰੀ ਸਤਿਗੁਰੂ ਜੀ ਨੇ ਇਸ ਸਮਾਗਮ ਵਿਚ ਹਾਜ਼ਰ ਹੋਏ ਮਹੰਤ ਹਰਪਾਲ ਦਾਸ ਜੀ ਅਮਾਮਗੜ ਅਤੇ ਸ. ਜੈਪਾਲ ਸਿੰਘ ਮੰਡੀਆਂ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਸ. ਇੰਦਰਜੀਤ ਸਿੰਘ ਮੁੰਡੇ ਮਾਲਕ 'ਕੇ ਐਸ ਕੰਬਾਈਨ' ਮਲੇਰਕੋਟਲਾ ਦਾ ਧੰਨਵਾਦ ਕੀਤਾ। ਉਪਰੰਤ ਕੀਰਤਨ ਅਤੇ ਨਾਮ ਸਿਮਰਨ ਦੀ ਸਮਾਪਤੀ ਦੀ ਅਰਦਾਸ ਹੋਈ। ਰਾਤ ਦੀਵਾਨ ਵਿਚ ਸ. ਜਸਪਾਲ ਸਿੰਘ ਸੰਤਨਗਰ, ਬੁੱਧ ਸਿੰਘ ਦਸੂਹਾ ਅਤੇ ਪ੍ਰੀਤਮ ਸਿੰਘ ਸ੍ਰੀ ਭੈਣੀ ਸਾਹਿਬ ਨੇ ਦੀਵਾਨ ਸਜਾਏ।

**18 ਜਨਵਰੀ 2021** ਦਿਨ ਸੋਮਵਾਰ ਸਵੇਰੇ ਅੰਮ੍ਰਿਤ ਵੇਲੇ ਸ਼ਹੀਦੀ ਸਮਾਰਕ ਮਲੇਰਕੋਟਲਾ ਵਿਖੇ ਆਸਾ ਦੀ ਵਾਰ ਦਾ ਕੀਰਤਨ ਜਥੇਦਾਰ ਪ੍ਰੀਤਮ ਸਿੰਘ ਸ੍ਰੀ ਭੈਣੀ ਸਾਹਿਬ ਨੇ ਜਥੇ ਸਮੇਤ ਕੀਤਾ, ਬਸੰਤ ਦੀ ਵਾਰ ਗਾਇਨ ਕੀਤੀ ਗਈ ਅਤੇ ਸ਼ਹੀਦਾਂ ਦੀ ਯਾਦ ਵਿੱਚ ਪਵਿੱਤਰ ਗੁਰਬਾਣੀ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੇ 20 ਪਾਠਾਂ ਦੇ ਭੋਗ ਪਾਏ ਗਏ ਅਤੇ ਮੇਲੇ ਦੀ ਸਮਾਪਤੀ ਹੋਈ। ਮਲੇਰਕੋਟਲੇ ਵਾਲੇ ਸ਼ਹੀਦਾਂ ਦੀ ਯਾਦ ਵਿੱਚ ਮੇਲਾ ਮਨਾਉਂਦੇ ਹੋਏ, ਮੇਲੇ ਦੀ ਸੇਵਾ ਸਵ. ਸ. ਸਵਰਨ ਸਿੰਘ ਲਾਇਲ ਦੇ ਸਮੁੱਚੇ ਪਰਿਵਾਰ ਵੱਲੋਂ ਕੀਤੀ ਗਈ ਜਿਸ ਦੀ ਅਗਵਾਈ ਸ. ਸੁਰਿੰਦਰ ਸਿੰਘ ਨਾਮਧਾਰੀ ਕਰ ਰਹੇ ਸਨ ਵੱਲੋਂ ਕੀਤੀ ਗਈ। ਸਵ. ਸੰਤੋਖ ਸਿੰਘ ਦਾ ਸਮੁੱਚਾ ਪਰਿਵਾਰ ਵੀ ਸੇਵਾ ਵਿੱਚ ਹਾਜ਼ਰ ਸੀ। ਇਲਾਕਾ ਨਿਵਾਸੀ ਸਾਧ ਸੰਗਤ ਨੇ ਮੇਲੇ ਦੀ ਸੇਵਾ ਨੂੰ ਤਨ ਮਨ ਨਾਲ ਨਿਭਾਇਆ। ਇਸ ਤਰ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਇਹ ਸਲਾਨਾ ਸ਼ਹੀਦੀ ਮੇਲਾ ਯਾਦਗਾਰੀ ਬਣ ਨਿਬੜਿਆ।

**–ਰਿਪੋਰਟ ਸੂਬਾ ਬਲਵਿੰਦਰ ਸਿੰਘ ਝੱਲ**

........................................................

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹਿੰਮਤਪੁਰਾ ਵਿਖੇ ਦਰਸ਼ਨ

ਨਾਮਧਾਰੀ ਇਤਿਹਾਸ ਦੇ ਪੰਨਿਆਂ ਤੇ ਵਿਸ਼ੇਸ਼ ਸਥਾਨ ਹੈ ਮਾਲਵੇ ਦੇ ਪ੍ਰਸਿੱਧ ਨਗਰ ਹਿੰਮਤਪੁਰੇ ਦਾ। ਜਿਸ ਪਵਿੱਤਰ ਆਤਮਾ ਨੇ ਇਸ ਨਗਰ ਨੂੰ ਇਹ ਮਾਣ ਬਖਸ਼ਿਆ ਉਹ ਸਨ ਬ੍ਰਹਮ ਗਿਆਨੀ ਸ੍ਰੀ ਮਾਨ ਸੰਤ ਕਰਮ ਸਿੰਘ ਜੀ ਹਿੰਮਤਪੁਰਾ ਵਾਲੇ। ਜਿਨ੍ਹਾਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਤੋਂ ਬਖ਼ਸ਼ਿਸ਼ ਪ੍ਰਾਪਤ ਕਰਕੇ ਇਹ ਪ੍ਰਸਿੱਧੀ ਹਾਸਲ ਕੀਤੀ। ਮੌਜੂਦਾ ਨਾਮਧਾਰੀ ਡੇਰਾ ਹਿੰਮਤਪੁਰਾ ਦੇ ਮੁੱਖ ਸੇਵਾਦਾਰ ਸੰਤ ਜਸਵੰਤ ਸਿੰਘ ਦੀ ਮਾਤਾ ਮਨਜੀਤ ਕੌਰ ਦੇ ਚੜ੍ਹਾਈ ਕਰਨ ਤੇ ਸੰਤ ਜਸਵੰਤ ਸਿੰਘ ਵੱਲੋਂ ਕੀਤੀ ਅਰਦਾਸ ਬੇਨਤੀ ਪ੍ਰਵਾਨ ਕਰਦੇ ਹੋਏ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ 15 ਜਨਵਰੀ 2021 ਦਿਨ ਸ਼ੁੱਕਰਵਾਰ ਮੁਤਾਬਕ 2 ਮਾਘ 2077 ਬਿ. ਨੂੰ ਸਵੇਰੇ 7.55 ਤੇ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਇਆ ਮੋਗਾ, ਕੋਟਕਪੂਰਾ ਹੁੰਦੇ ਹੋਏ ਪਿੰਡ ਬਾਜਾਖਾਨਾ ਵਿਖੇ ਤੇਜਾ ਸਿੰਘ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇਣ ਲਈ ਕ੍ਰਿਪਾ ਕੀਤੀ। ਬਾਜੇਖਾਨੇ ਤੋਂ ਬਾਅਦ ਪਿੰਡ ਭਗਤਾ ਭਾਈ ਵਿਖੇ ਸ. ਸੁਖਦੇਵ ਸਿੰਘ (ਚਰਨ ਸਿੰਘ ਕੂਕਾ) ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦਿੱਤੇ। ਸੁਖਦੇਵ ਸਿੰਘ ਦੇ ਪਿਤਾ ਸ. ਪ੍ਰੀਤਮ ਸਿੰਘ ਨੇ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਆਪ ਕਿਰਪਾ ਕਰੋ ਮੇਰੇ ਕੋਲੋਂ ਅੰਤਿਮ ਸਮੇਂ ਤੱਕ ਨਾਮ ਨਾ ਵਿਸਰੇ ਅਤੇ ਬਖਸ਼ਬੰਦੀ ਮੰਗੀ।

ਉਪਰੰਤ ਸੂਬਾ ਇੰਦਰਜੀਤ ਸਿੰਘ ਮੱਲ, ਸ. ਜੈ ਸਿੰਘ, ਡਾ. ਗੁਰਚਰਨ ਸਿੰਘ ਅਤੇ ਪਰਮਜੀਤ ਸਿੰਘ ਦੇ ਘਰਾਂ ਵਿਚ ਚਰਨ ਪਾਉਣ ਤੋਂ ਬਾਅਦ ਵਾਇਆ ਸਲਾਬਤਪੁਰਾ ਹੁੰਦੇ ਹੋਏ ਸ੍ਰੀ ਸਤਿਗੁਰੂ ਜੀ ਨਾਮਧਾਰੀ ਡੇਰਾ ਹਿੰਮਤਪੁਰਾ ਵਿਖੇ ਬੀਬੀ ਮਨਜੀਤ ਕੌਰ ਜੀ ਦੇ ਭੋਗ ਤੇ ਦਰਸ਼ਨ ਦੇਣ ਦੀ

ਕਿਰਪਾ ਕੀਤੀ। ਜਥੇਦਾਰ ਕਮਾਲ ਸਿੰਘ ਨੇ ਦੀਵਾਨ ਲਾਇਆ। ਗੁਰਬਾਣੀ ਦੇ ਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ। ਭੋਗ ਦੀ ਅਰਦਾਸ ਹੋਈ, ਸੰਤ ਜਸਵੰਤ ਸਿੰਘ ਜੀ ਸ੍ਰੀ ਸਤਿਗੁਰੂ ਜੀ ਦੁਅਰਾ ਦਰਸ਼ਨ ਦੇਣ ਤੇ ਸ਼ੁਕਰਾਨਾ ਕੀਤਾ

**-ਰਿਪੋਰਟ ਸੂਬਾ ਬਲਵਿੰਦਰ ਸਿੰਘ ਝੱਲ**

....................................................

## ਮੇਲਾ ਮਾਘੀ ਸ੍ਰੀ ਮੁਕਤਸਰ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦਰਸ਼ਨ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਿਵਾਜੇ ਚਾਲੀ ਮੁਕਤਿਆਂ ਦੀ ਯਾਦ ਵਿੱਚ ਸ੍ਰੀ ਮੁਕਤਸਰ ਸਾਹਿਬ ਦੀ ਧਰਤੀ ਤੇ ਮਨਾਏ ਗਏ ਇਤਿਹਾਸਿਕ ਦਿਨ ਮਿਤੀ 14 ਜਨਵਰੀ 2021 ਮੁਤਾਬਕ (1 ਮਾਘ 2077 ਬਿ.) ਦਿਨ ਵੀਰਵਾਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਇਲਾਕੇ ਦੀ ਸਾਧ ਸੰਗਤ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਨਾਮਧਾਰੀ ਧਰਮਸ਼ਾਲਾ ਮੁਕਤਸਰ ਸਾਹਿਬ ਵਿਖੇ ਇਲਾਕਾ ਨਿਵਾਸੀ ਸਾਧ ਸੰਗਤ ਨੇ ਸੂਬਾ ਸਰਬਜੀਤ ਸਿੰਘ ਅਤੇ ਸ. ਗੁਰਤੇਜ ਸਿੰਘ ਦੂਹੇਵਾਲ ਦੀ ਅਗਵਾਈ ਵਿੱਚ ਇਹ ਸ਼ਹੀਦੀ ਸਮਾਗਮ ਮਨਾਇਆ ਗਿਆ। ਸ੍ਰੀ ਭੈਣੀ ਸਾਹਿਬ ਤੋਂ ਜਥੇਦਾਰ ਕਮਾਲ ਸਿੰਘ ਨੇ ਹੱਲੇ ਦਾ ਦੀਵਾਨ 40 ਮੁਕਤਿਆਂ ਦੀ ਯਾਦ ਵਿੱਚ ਲਗਾਇਆ ਅਤੇ ਮਹਾਂ ਸਿੰਘ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਅਰਜ਼ ਬੇਨਤੀ ਕਰ ਕੇ ਬੇਦਾਵਾ ਪਾੜਨ ਦੀ ਸਾਰੀ ਕਥਾ ਨੂੰ ਦੀਵਾਨ ਵਿੱਚ ਪੇਸ਼ ਕੀਤਾ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਇਆ ਮੋਗਾ, ਕੋਟਕਪੂਰਾ ਹੁੰਦੇ ਹੋਏ, ਸ੍ਰੀ ਮੁਕਤਸਰ ਸਾਹਿਬ ਪਧਾਰੇ, ਇੱਥੇ ਹੀ ਸ. ਜਗਮੀਤ ਸਿੰਘ ਦੇ ਘਰ ਚਰਨ ਪਾਉਣ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਦੀਵਾਨ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਦੀਵਾਨ ਉਪਰੰਤ ਛੋਟੇ ਬੱਚੇ ਬੂਟਾ ਸਿੰਘ ਤੇ ਸੁਖਮਨ ਕੌਰ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਇੱਕ ਕਵਿਤਾ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਪੜ੍ਹੀ। ਉਪਰੰਤ ਦੀਵਾਨ ਸਮਾਪਤੀ ਤੋਂ ਬਾਅਦ ਇੱਕ ਘੰਟਾ ਨਾਮ ਸਿਮਰਨ ਦੀ ਅਰਦਾਸ ਹੋਈ, ਨਾਮ ਸਿਮਰਨ ਸਮੇਂ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕੀਤੀ। ਨਾਮ ਸਿਮਰਨ ਦੀ ਸਮਾਪਤੀ ਦੇ ਨਾਲ ਹੀ ਮੇਲੇ ਦੇ ਸਮਾਗਮ ਦੀ ਸਮਾਪਤੀ ਦੀ ਅਰਦਾਸ ਹੋਈ। ਜ਼ਿਕਰਯੋਗ ਹੈ ਕਿ ਇਸ ਸਮਾਗਮ ਵਿਚ ਇਲਾਕਾ ਜੀਵਨ ਨਗਰ ਦੀ ਸਾਧ ਸੰਗਤ ਵੱਡੀ ਗਿਣਤੀ ਵਿੱਚ ਹਾਜ਼ਰ ਸੀ।

**ਰਿਪੋਰਟ ਸੂਬਾ ਬਲਵਿੰਦਰ ਸਿੰਘ ਝੱਲ**

....................................................

## ਸੰਤ ਜਸਵੰਤ ਸਿੰਘ ਸ਼ਿਮਲਾਪੁਰੀ ਲੁਧਿਆਣਾ ਨਮਿੱਤ ਭੋਗ

**ਸ੍ਰੀ ਭੈਣੀ ਸਾਹਿਬ 24 ਨਵੰਬਰ 2020**

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ॥
ਦਰਗਹ ਜਾਇ ਸਚਾ ਪਿੜੁ ਮਲਿਆ॥

ਗੁਰਬਾਣੀ ਦੇ ਮੁੱਖ ਵਾਕ ਅਨੁਸਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਰੋਸਾਏ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀਆਂ ਬਖਸ਼ਿਸ਼ਾਂ ਦੇ ਪਾਤਰ ਸੰਤ ਜਸਵੰਤ ਸਿੰਘ ਬਾਂਸਲ ਸ਼ਿਮਲਾਪੁਰੀ ਲੁਧਿਆਣਾ ਦੇ ਜੋ ਵਸਨੀਕ ਸਨ, ਕੁਝ ਦਿਨ ਢਿੱਲੇ ਹੋ, ਅਕਾਲ ਪੁਰਖ ਵੱਲੋਂ ਮਿਲੀ ਸਵਾਸਾਂ ਦੀ ਪੂੰਜੀ ਭੋਗ ਕੇ, ਇਸ ਆਸਾਰ ਮਾਤ ਲੋਕ ਤੋਂ 21 ਨਵੰਬਰ 2020 ਦਿਨ ਸ਼ਨੀਵਾਰ ਨੂੰ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ। ਸੰਤ ਜਸਵੰਤ ਸਿੰਘ ਦਾ ਇੱਕ ਖੁੱਲ੍ਹਾ ਪਰਿਵਾਰ ਹੈ। ਮਾਸ ਸ਼ਰਾਬ ਦਾ ਦੌਰ ਬਹੁਤ ਚੱਲਦਾ ਸੀ। ਸੰਤਾਂ ਦੇ ਚਾਰ ਭਰਾ ਤੇ ਦੋ ਭੈਣਾਂ ਹਨ, ਪਰ ਸੰਤਾਂ ਦੇ ਭਾਗ ਜਾਗੇ ਪਏ ਸੰਤ ਸੰਨ 1979 ਵਿੱਚ ਸੰਤਾਂ ਦੇ ਸਹੁਰੇ ਪਰਿਵਾਰ ਕਿਸੇ ਨਾਮਧਾਰੀ ਪਰਿਵਾਰ ਵਿੱਚ ਚੱਲ ਰਹੇ ਪ੍ਰੋਗਰਾਮ ਦੌਰਾਨ ਸੰਤ ਜਸਵੰਤ ਸਿੰਘ ਜੀ ਨੂੰ ਸੰਤ ਪੂਰਨ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਾਲਿਆਂ ਦੇ ਦਰਸ਼ਨ ਹੋਏ। ਨਾਮ ਦੀ ਦਾਤ ਲਈ ਅਤੇ ਨਾਮਧਾਰੀ ਸਿੱਖ ਸਜ ਗਏ। ਸ੍ਰੀ ਸਤਿਗੁਰੂ ਜਗਜੀਤ ਸਿੰਘ ਦੀਆਂ ਬੇਅੰਤ ਖ਼ੁਸ਼ੀਆਂ ਝੋਲੀ ਵਿੱਚ ਪੁਆਈਆਂ। ਨਾਮਧਾਰੀ ਮਰਿਆਦਾ ਅਨੁਸਾਰ ਆਪਣੇ ਬੱਚਿਆਂ ਦੋ ਪੁੱਤਰਾਂ ਤੇ ਧੀਆਂ ਸਮੇਤ ਜੀਵਨ ਬਤੀਤ ਕਰਨ ਲੱਗੇ। ਸੰਤਾਂ ਦੇ ਭੈਣ ਭਰਾ ਨਾਮਧਾਰੀ ਮਰਯਾਦਾ ਨੂੰ ਕੁਝ ਸਖ਼ਤ ਸਮਝਦੇ ਸਨ। ਸੋ ਉਹ ਰਾਧਾਸਵਾਮੀ ਬਣ ਗਏ। ਜਸਵੰਤ ਸਿੰਘ ਜੀ ਬਹੁਤ ਹੀ ਸਰਗਰਮ ਅਤੇ ਬੁਲੰਦ ਹੌਂਸਲੇ ਦੇ ਮਾਲਕ ਸਨ। ਨਾਮਧਾਰੀ ਪੰਥ ਦੀ ਸੇਵਾ ਕਰਨ ਵਿੱਚ ਹਰ ਵੇਲੇ ਤਤਪਰ ਰਹਿੰਦੇ ਸਨ। ਸ੍ਰੀ ਸਤਿਗੁਰੂ ਜੀ ਨੇ ਉਨ੍ਹਾਂ ਦਾ ਸੇਵਾ ਮੁਖੀ ਸੁਭਾਅ ਵੇਖ ਕੇ ਲੁਧਿਆਣੇ ਦੇ ਸ਼ਿਮਲਾਪੁਰੀ ਇਲਾਕੇ ਦੀ ਨਾਮਧਾਰੀ ਸੰਗਤ ਦਾ ਪ੍ਰਧਾਨ ਬਣਾ ਦਿੱਤਾ। ਸ੍ਰੀ ਸਤਿਗੁਰੂ ਜੀ ਦੇ ਹੁਕਮਾਂ ਮੁਤਾਬਕ ਸੂਬਾ ਹਰਭਜਨ ਸਿੰਘ ਦੀ ਪ੍ਰੇਰਨਾ ਨਾਲ ਹਰ ਸੇਵਾ ਨੂੰ ਖਿੜੇ ਮੱਥੇ ਪ੍ਰਵਾਨ ਕਰਦੇ ਰਹੇ। ਸੰਤ ਜੀ ਹਸਮੁੱਖ, ਮਿਲਾਪੜੇ ਸੁਭਾਅ ਦੇ ਮਾਲਕ ਸਨ।

ਸ੍ਰੀ ਸਤਿਗੁਰੂ ਜੀ ਹੁਕਮਾਂ ਅਨੁਸਾਰ ਅੰਮ੍ਰਿਤ ਵੇਲੇ ਉੱਠਣ, ਭਜਨ ਬਾਣੀ ਕਰਨਾ, ਘਰ ਆਏ ਸਾਧਾਂ ਸੰਤਾਂ ਦੀ ਸੇਵਾ ਕਰਨਾ, ਉਨ੍ਹਾਂ ਦਾ ਨਿੱਜੀ ਕਰਮ ਬਣ ਗਿਆ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੀ ਬਹੁਤ ਪਿਆਰ ਕੀਤਾ ਅਤੇ ਖੁਸ਼ੀਆਂ ਬਖ਼ਸ਼ੀਆਂ। ਸੰਤ ਜੀ ਅਖ਼ੀਰਲੇ ਕੁਝ ਕੁ ਦਿਨ ਹੀ ਸਰੀਰਕ ਪੱਖੋਂ ਢਿੱਲੇ ਹੋਏ, ਹਸਪਤਾਲ ਚਾਰ ਪੰਜ ਦਿਨ, ਰਾਤ-ਦਿਨ ਬੇਸੁਰਤੀ ਅਵਸਥਾ ਦੌਰਾਨ ਚੌ ਅੱਖਰੇ ਨਾਮ ਦਾ ਜਾਪ ਉੱਚੀ ਉੱਚੀ ਬੋਲ ਕੇ ਕਰਦੇ ਰਹੇ। ਬੱਚਿਆਂ ਨੇ ਕਿਹਾ ਕਿ ਪਿਤਾ ਜੀ ਉੱਚੀ ਉੱਚੀ ਨਾਮ ਨਾ ਨਾਮ ਜਪੋ ਤਾਂ ਸੰਤ ਕਹਿਣ ਲੱਗੇ ਕਿ ਇਹ ਤਾਂ ਹੁਣ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਨਾਲ ਇਸੇ ਤਰ੍ਹਾਂ ਹੀ ਚੱਲੇਗਾ। ਡਾਕਟਰ ਵੀ ਕਹਿੰਦੇ ਸਨ ਕਿ ਹਸਪਤਾਲ ਵਿੱਚ ਸਾਰੇ ਮਰੀਜ਼ ਹਾਏ ਹਾਏ ਕਰਦੇ ਹਨ ਪਰ ਇਹ ਤਾਂ ਪ੍ਰਮਾਤਮਾ ਦਾ ਨਾਮ ਦਿਨ ਰਾਤ ਬਿਨਾਂ ਰੁਕੇ ਉੱਚੀ ਉੱਚੀ ਕਰਦੇ ਹੋਏ ਸੁਆਸ ਤੇ ਆ ਗਏ ਹਨ।

ਬਹੁਤ ਭਾਗਾਂ ਵਾਲੇ ਸਨ ਜਿਵੇਂ ਕਿ ਗੁਰਬਾਣੀ ਵਿੱਚ ਵੀ ਭਗਤ ਤਿਲੋਚਨ ਜੀ ਦਾ ਸ਼ਬਦ ਆਉਂਦਾ ਹੈ ਕਿ "ਅੰਤਿ ਕਾਲਿ ਨਾਰਾਇਣੁ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ॥ ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥" ਭਾਵ ਕਿ ਤਿਲੋਚਨ ਜੀ ਆਖਦੇ ਹਨ ਕਿ- ਜੋ ਮਨੁੱਖ ਅੰਤ ਸਮੇਂ ਪ੍ਰਮਾਤਮਾ ਨੂੰ ਯਾਦ ਕਰਦਾ ਹੋਇਆ ਚੋਲਾ ਤਿਆਗਦਾ ਹੈ, ਉਹ ਮਨੁੱਖ ਧਨ, ਇਸਤਰੀ, ਪੁੱਤਰ ਤੇ ਘਰ ਆਦਿਕ ਦੇ ਮੋਹ ਤੋਂ ਆਜ਼ਾਦ ਹੋ ਜਾਂਦਾ ਹੈ ਅਤੇ ਪਰਾਣੀ ਅਕਾਲ ਪੁਰਖ, ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਪੁੱਜਦਾ ਹੈ।

ਸੋ ਸੰਤ ਜਸਵੰਤ ਸਿੰਘ ਜੀ ਵੀ ਨਾਮ ਸਿਮਰਨ ਕਰਦਿਆਂ ਸਰੀਰ ਤਿਆਗ ਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ ਅਤੇ ਆਪਣਾ ਜਨਮ ਸਫਲਾ ਕਰ ਗਏ। ਸੰਤਾਂ ਨਮਿੱਤ ਭੋਗ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ 24 ਨਵੰਬਰ 2020 ਨੂੰ ਸ੍ਰੀ ਭੈਣੀ ਸਾਹਿਬ ਵਿਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਪਾਇਆ ਗਿਆ। ਪਰਿਵਾਰ ਨੇ ਤਨ, ਮਨ, ਧਨ, ਨਾਲ ਸਾਧ ਸੰਗਤ ਦੀ ਸੇਵਾ ਕੀਤੀ ਅਤੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

**ਸਵਿੰਦਰ ਸਿੰਘ ਲੁਧਿਆਣਾ**

## ਸੰਤ ਮਾਨ ਸਿੰਘ ਕੁਰੂਕਸ਼ੇਤਰ ਵਾਲਿਆਂ ਨਮਿਤ ਪਾਠ ਦਾ ਭੋਗ

**ਸ੍ਰੀ ਭੈਣੀ ਸਾਹਿਬ 24 ਨਵੰਬਰ 2020-** ਸੰਤ ਮਾਨ ਸਿੰਘ ਜੀ ਕੁਰੂਕਸ਼ੇਤਰ ਵਾਲੇ ਇਕ ਸੱਚੇ ਸੁੱਚੇ ਇਨਸਾਨ, ਨੇਕ ਦਿਲ, ਤਿਆਗੀ, ਦਾਨੀ, ਭਜਨ ਬੰਦਗੀ, ਵਿੱਚ ਹਰ ਵੇਲੇ ਲੀਨ ਰਹਿਣ ਵਾਲੇ ਸਖ਼ਤ ਮਿਹਨਤ ਕਸ਼ ਅਤੇ ਨਿਰਮਾਣਤਾ ਦੀ ਮੂਰਤ 84 ਕੁ ਵਰ੍ਹਿਆਂ ਦੀ ਉਮਰ ਭੋਗ ਕੇ ਇਸ ਆਸਾਰ ਮਾਤ ਲੋਕ ਨੂੰ 17 ਨਵੰਬਰ 2020 ਕੁਝ ਦਿਨ ਢਿੱਲੇ ਹੋ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ। ਸੰਤਾਂ ਦੀ ਹਰਿਆਣੇ ਦੇ ਕੁਰੂਕਸ਼ੇਤਰ, ਯਮੁਨਾਨਗਰ, ਪਾਣੀਪਤ, ਅੰਬਾਲਾ ਸ਼ਹਿਰ ਵਿਚ ਵਿਲੱਖਣ ਪਹਿਚਾਣ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਬਖਸ਼ਿਸ਼ ਦੇ ਪਾਤਰ ਸਨ। ਸ੍ਰੀ ਸਤਿਗੁਰੂ ਜੀ ਨੇ 1992 ਈ. ਵਿਚ ਸਾਧ ਸੰਗਤ ਦੇ ਪ੍ਰਧਾਨ ਦੀ ਸੇਵਾ ਸੌਂਪੀ। ਨਾਮਧਾਰੀ ਸਾਧ ਸੰਗਤ ਦੀ ਸੇਵਾ ਕਰਨ ਦੇ ਨਾਲ ਆਪ ਜੀ ਸਮਾਜ ਸੇਵਕ ਵੀ ਸਨ। ਤਿੰਨ ਵਾਰ ਰਾਮਗੜ੍ਹੀਆ ਸਭਾ ਕੁਰੂਕਸ਼ੇਤਰ ਦੇ ਪ੍ਰਧਾਨ ਵੀ ਰਹੇ ਅਤੇ 'ਆਲ ਹਰਿਆਣਾ ਰਾਮਗੜ੍ਹੀਆ ਫੈਡਰੇਸ਼ਨ' ਦੇ ਵੀ ਸਰਗਰਮ ਮੈਂਬਰ ਰਹੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਤੋਂ ਵੀ ਅਥਾਹ ਪਿਆਰ ਮਿਲਿਆ। ਸੰਤਾਂ ਨੇ ਆਪਣੇ ਹਰਿਆਣੇ ਦੇ ਕੁਰੂਕਸ਼ੇਤਰ ਅਤੇ ਆਸਪਾਸ ਦੇ ਇਲਾਕੇ ਦੇ ਨਾਮਧਾਰੀ ਨੌਜਵਾਨਾਂ ਨੂੰ ਪ੍ਰੇਰਿਤ ਕਰ, ਮਰਿਆਦਾ ਦੇ ਧਾਰਨੀ ਹੋ, ਇਕੱਤਰਤਾਵਾਂ ਕਰਨੀਆਂ, ਵਰ੍ਹਨੀਆਂ, ਹਵਨ, ਕੀਰਤਨ ਕਰਨਾ, ਗੁਰਬਾਣੀ ਦਾ ਅਧਿਐਨ ਕਰਵਾਉਣਾ, ਇਹ ਪ੍ਰਮੁੱਖ ਕਾਰਜ ਕਰਵਾਉਂਦੇ ਰਹੇ। ਸੰਤ ਮਾਨ ਸਿੰਘ ਜੀ ਨੇ ਆਪਣਾ ਪੂਰਾ ਜੀਵਨ ਸ੍ਰੀ ਸਤਿਗੁਰੂ ਜੀ ਨੂੰ ਅਰਪਿਤ ਕਰ ਦਿੱਤਾ ਸੀ। ਆਪ ਇੱਕ ਆਦਰਸ਼ ਗੁਰ ਸਿੱਖ ਵਾਂਗ "ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥' ਦੇ ਗੁਰਵਾਕ ਅਨੁਸਾਰ ਆਪਣੀ ਜੀਵਨ ਯਾਤਰਾ ਸਫ਼ਲ ਕਰ, ਸੱਚਖੰਡ ਗੁਰੂ ਚਰਨਾਂ ਵਿਚ ਜਾ ਬਿਰਾਜੇ। ਸੰਤ ਮਾਨ ਸਿੰਘ ਜੀ ਦਾ ਭੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ 24 ਨਵੰਬਰ 2020 ਨੂੰ ਸ੍ਰੀ ਭੈਣੀ ਸਾਹਿਬ, ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ। ਸੰਤਾਂ ਦੇ ਪਰਿਵਾਰ ਵਿੱਚ ਤਿੰਨ ਸਪੁੱਤਰ ਅਤੇ ਤਿੰਨ ਸਪੁੱਤਰੀਆਂ ਨੇ ਸਾਧ ਸੰਗਤ ਦੀ ਸੇਵਾ ਵੀ ਕੀਤੀ ਅਤੇ ਧੰਨਵਾਦ ਵੀ ਕੀਤਾ।

**-ਸਵਿੰਦਰ ਸਿੰਘ ਲੁਧਿਆਣਾ**

## 17–18 ਜਨਵਰੀ 2021 ਮਲੇਰਕੋਟਲੇ ਦੇ ਸ਼ਹੀਦੀ ਜੋੜ ਮੇਲੇ ਦੀਆਂ ਝਲਕੀਆਂ









Date of Publication: 08-02-2021,
Date of Posting: 09-10 Feb. 2021

RNI NO. 55658/93

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਮਲੇਰਕੋਟਲੇ ਦੇ ਸ਼ਹੀਦੀ ਸਮਾਗਮ ਸਮੇਂ
ਭਾਰਤ-ਚੀਨ ਦੀ ਸਰਹੱਦ ਤੇ ਗਲਵਾਨ ਘਾਟੀ ਵਿਖੇ 16 ਜੂਨ 2020 ਨੂੰ ਬਾਰਡਰ ਤੇ ਸ਼ਹੀਦ ਹੋਣ ਵਾਲੇ
ਪੰਜਾਬ ਦੇ ਚਾਰ ਨੌਜਵਾਨਾਂ ਦੀ ਸ਼ਹਾਦਤ ਦਾ ਸਨਮਾਨ ਕਰਦੇ ਹੋਏ।



ਨਾਇਬ ਸੂਬੇਦਾਰ ਸ. ਮਨਦੀਪ ਸਿੰਘ ਪਿੰਡ ਸੀਲ
ਜ਼ਿਲ੍ਹਾ ਪਟਿਆਲਾ ਦੇ ਪਰਿਵਾਰ ਦਾ ਸਨਮਾਨ



ਨਾਇਬ ਸੂਬੇਦਾਰ ਸਤਨਾਮ ਸਿੰਘ ਪਿੰਡ ਭੋਜਰਾਜ
ਤਹਿਸੀਲ ਧਾਲੀਵਾਲ ਜ਼ਿਲ੍ਹਾ ਗੁਰਦਾਸਪੁਰ ਦੇ
ਪਰਿਵਾਰ ਦਾ ਸਨਮਾਨ



ਸਿਪਾਹੀ ਗੁਰਵਿੰਦਰ ਸਿੰਘ ਪਿੰਡ ਤੋਲਾਵਾਲ ਤਹਿਸੀਲ
ਸੁਨਾਮ ਜ਼ਿਲ੍ਹਾ ਸੰਗਰੂਰ ਦੇ ਪਰਿਵਾਰ ਦਾ ਸਨਮਾਨ



ਸ਼ਹੀਦ ਗੁਰਤੇਜ ਸਿੰਘ ਪਿੰਡ ਬੀਰੇਵਾਲ ਡੋਗਰਾ
ਜ਼ਿਲ੍ਹਾ ਮਾਨਸਾ ਦੇ ਪਰਿਵਾਰ ਦਾ ਸਨਮਾਨ

# ਜੈ ਜਵਾਨ, ਜੈ ਕਿਸਾਨ, ਜੈ ਭਾਰਤ

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.